ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

You Tube https://youtu.be/LQwolgxDu7I

awazeqaumtvpunjab@gmail.com

ਐਤਵਾਰ, 2 ਨਵੰਬਰ 2025 (ਨਾਨਕਸ਼ਾਹੀ ਸੰਮਤ : ੫੫੭, ੧੬ ਕੱਤਕ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

## ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਹੋਰ ਕਸੂਤੇ ਫਸੇ

# ਰਾਜਪਾਲ ਨੇ ਭ੍ਰਿਸ਼ਟਾਚਾਰ ਦੇ ਮਾਮਲੇ ਨੂੰ ਦਿੱਤੀ ਮਨਜ਼ੂਰੀ

ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਗਏ ਪੰਜਾਬ ਦੇ ਸਾਬਕਾ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ।



ਮਜੀਠੀਆ ਹੁਣ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਮੁਕੱਦਮੇ ਦਾ ਸਾਹਮਣਾ ਕਰਨਗੇ। ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਦੀ ਧਾਰਾ 19 ਤਹਿਤ ਉਨ੍ਹਾਂ ਦੇ ਮੁਕੱਦਮੇ ਨੂੰ ਮਨਜ਼ੂਰੀ ਦੇ ਦਿੱਤੀ ਹੈ। ਸੂਬਾ ਕੈਬਨਿਟ ਨੇ ਪਹਿਲਾਂ 8 ਸਤੰਬਰ ਨੂੰ ਇਸ ਦੀ ਸਿਫ਼ਾਰਸ਼ ਕੀਤੀ ਸੀ। ਇਹ ਮਾਮਲਾ ਰਾਜ ਵਿਜੀਲੈਂਸ ਬਿਊਰੋ ਦੁਆਰਾ ਦਰਜ ਕੀਤਾ ਗਿਆ ਸੀ, ਜਿਸ ਵਿੱਚ ਮਜੀਠੀਆ 'ਤੇ ਆਪਣੀ ਐਲਾਨੀ ਆਮਦਨ ਤੋਂ ਲਗਭਗ 1,200% ਵੱਧ ਜਾਇਦਾਦ ਇਕੱਠੀ ਕਰਨ ਦਾ ਦੋਸ਼ ਲਗਾਇਆ ਗਿਆ ਸੀ। ਜਾਂਚ ਏਜੰਸੀ ਦੇ ਅਨੁਸਾਰ, ਉਨ੍ਹਾਂ ਨੇ 2013 ਵਿੱਚ ਡਰੱਗ ਤਸਕਰੀ ਨੈੱਟਵਰਕ ਨਾਲ ਜੁੜੇ 540 ਕਰੋੜ ਰੁਪਏ ਦੇ ਮਨੀ ਲਾਂਡਰਿੰਗ ਰਾਹੀਂ ?700 ਕਰੋੜ ਤੋਂ ਵੱਧ ਦੀ ਜਾਇਦਾਦ ਇਕੱਠੀ ਕੀਤੀ ਸੀ। ਸਰਕਾਰੀ ਸੂਤਰਾਂ ਨੇ ਪੁਸ਼ਟੀ ਕੀਤੀ ਹੈ ਕਿ ਰਾਜਪਾਲ ਦੀ ਪ੍ਰਵਾਨਗੀ ਮਿਲਣ ਤੋਂ ਬਾਅਦ, ਵਿਜੀਲੈਂਸ ਬਿਊਰੋ ਹੁਣ ਅਦਾਲਤ ਵਿੱਚ ਕੇਸ ਦੀ ਕਾਰਵਾਈ ਨੂੰ ਅੱਗੇ ਵਧਾਏਗਾ। ਜ਼ਿਕਰ ਕਰ ਦਈਏ ਕਿ ਤਿੰਨ ਵਾਰ ਵਿਧਾਇਕ ਰਹੇ ਬਿਕਰਮ ਮਜੀਠੀਆ ਨੂੰ 25 ਜੂਨ ਨੂੰ ਉਨ੍ਹਾਂ ਦੇ ਅੰਮ੍ਰਿਤਸਰ ਰਿਹਾਇਸ਼ ਅਤੇ 25 ਹੋਰ ਥਾਵਾਂ 'ਤੇ ਸਵੇਰੇ ਛਾਪੇਮਾਰੀ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਸੀ। ਵਿਜੀਲੈਂਸ ਟੀਮ ਨੇ ਛਾਪੇਮਾਰੀ ਦੌਰਾਨ ਡਿਜੀਟਲ ਡਿਵਾਈਸ, ਜਾਇਦਾਦ ਦੇ ਦਸਤਾਵੇਜ਼ ਅਤੇ ਵਿੱਤੀ ਰਿਕਾਰਡ ਜ਼ਬਤ ਕੀਤੇ। 26 ਜੂਨ ਨੂੰ ਮੋਹਾਲੀ ਦੀ ਇੱਕ ਅਦਾਲਤ ਨੇ ਉਸਨੂੰ ਸੱਤ ਦਿਨਾਂ ਦੀ ਪੁਲਿਸ ਹਿਰਾਸਤ ਵਿੱਚ ਭੇਜ ਦਿੱਤਾ, ਜਿਸਨੂੰ ਬਾਅਦ ਵਿੱਚ ਚਾਰ ਦਿਨ ਵਧਾ ਦਿੱਤਾ ਗਿਆ। ਬਾਅਦ ਵਿੱਚ ਉਸਨੂੰ 6 ਜੁਲਾਈ ਨੂੰ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ। ਉਹ ਇਸ ਸਮੇਂ ਨਾਭਾ ਜੇਲ੍ਹ ਵਿੱਚ ਬੰਦ ਹੈ। ਉਸਨੇ ਰੱਖੜੀ, ਦੁਸਹਿਰਾ ਅਤੇ ਦੀਵਾਲੀ ਜੇਲ੍ਹ ਵਿੱਚ ਬਿਤਾਈ। ਵਿਜੀਲੈਂਸ ਬਿਊਰੋ ਨੇ 22 ਅਗਸਤ ਨੂੰ ਇੱਕ ਵਿਸਤ੍ਰਿਤ ਚਾਰਜਸ਼ੀਟ ਦਾਇਰ ਕੀਤੀ, ਜਿਸ ਵਿੱਚ 40,000 ਪੰਨਿਆਂ ਤੋਂ ਵੱਧ ਦਸਤਾਵੇਜ਼ੀ ਸਬੂਤ ਅਤੇ 200 ਤੋਂ ਵੱਧ ਗਵਾਹਾਂ ਦੇ ਬਿਆਨ ਸ਼ਾਮਲ ਸਨ। ਇਹ ਮਾਮਲਾ 2013 ਵਿੱਚ ਈਡੀ ਦੀ ਜਾਂਚ ਨਾਲ ਜੁੜਿਆ ਹੋਇਆ ਹੈ, ਜਿਸ ਵਿੱਚ ?6,000 ਕਰੋੜ ਦੇ ਸਿੰਥੈਟਿਕ ਡਰੱਗ ਰੈਕੇਟ ਦਾ ਪਰਦਾਫਾਸ਼ ਹੋਇਆ ਸੀ। ਰੈਕੇਟ ਦਾ ਸਰਗਨਾ ਸਾਬਕਾ ਡੀਐਸਪੀ ਜਗਦੀਸ਼ ਸਿੰਘ ਭੋਲਾ ਸੀ, ਜਿਸਨੇ ਪੁੱਛਗਿੱਛ ਦੌਰਾਨ ਮਜੀਠੀਆ ਦਾ ਨਾਮ ਲਿਆ ਸੀ। ਹਾਲਾਂਕਿ ਬਾਅਦ ਵਿੱਚ ਅਦਾਲਤਾਂ ਨੇ ਡਰੱਗ ਨਾਲ ਸਬੰਧਤ ਦੋਸ਼ਾਂ ਨੂੰ ਖਾਰਜ ਕਰ ਦਿੱਤਾ, ਮੌਜੂਦਾ ਮਾਮਲਾ ਭ੍ਰਿਸ਼ਟਾਚਾਰ ਅਤੇ ਮਨੀ ਲਾਂਡਰਿੰਗ 'ਤੇ ਕੇਂਦ੍ਰਿਤ ਹੈ ਇਸ ਤੋਂ ਇਲਾਵਾ ਵਿਜੀਲੈਂਸ ਨੇ ਚਾਰਜਸ਼ੀਟ ਵਿੱਚ ?700 ਕਰੋੜ ਦੀਆਂ ਗੈਰ-ਕਾਨੂੰਨੀ ਅਤੇ ਬੇਹਿਸਾਬ ਜਾਇਦਾਦਾਂ ਦਾ ਖੁਲਾਸਾ ਕੀਤਾ ਹੈ।

## ਸੀਐਮ ਭਗਵੰਤ ਮਾਨ ਦਾ ਭਾਜਪਾ ਨੂੰ ਠੋਕਵਾਂ ਜਵਾਬ, ਚੰਡੀਗੜ੍ਹ 'ਚ 'ਸ਼ੀਸ਼ ਮਹਿਲ' ਵਿਵਾਦ 'ਤੇ ਵੱਡਾ ਖੁਲਾਸਾ !

ਮੁੱਖ ਮੰਤਰੀ ਭਗਵੰਤ ਮਾਨ ਨੇ ਭਾਜਪਾ ਦੇ ਦਾਅਵੇ ਦਾ ਠੋਕਵਾਂ ਜਵਾਬ ਦਿੱਤਾ ਹੈ। ਉਨ੍ਹਾਂ ਕਿਹਾ ਕਿ



ਚੰਡੀਗੜ੍ਹ ਦੇ ਸੈਕਟਰ 2 ਵਿੱਚ ਸਥਿਤ ਕੋਠੀ ਨੰਬਰ 50 ਮੁੱਖ ਮੰਤਰੀ ਦਾ ਕੈਂਪ ਦਫ਼ਤਰ ਹੈ ਅਤੇ ਮੁੱਖ ਮੰਤਰੀ ਦੀ ਰਿਹਾਇਸ਼ ਦਾ ਹਿੱਸਾ ਹੈ। ਮਾਨ ਨੇ ਕਿਹਾ ਕਿ ਇਹ ਕੋਠੀ ਸਰਕਾਰ ਬਣਨ ਦੀ ਸਹੁੰ ਚੁੱਕਣ ਵੇਲੇ 16 ਮਾਰਚ 2022 ਤੋਂ ਉਨ੍ਹਾਂ ਕੋਲ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੈਕਟਰ 2 ਵਿੱਚ ਸਥਿਤ ਕੋਠੀ ਨੰਬਰ 45 ਮੁੱਖ ਮੰਤਰੀ ਦੀ ਰਿਹਾਇਸ਼ ਹੈ ਅਤੇ ਕੋਠੀ ਨੰਬਰ 50 ਉਨ੍ਹਾਂ ਦਾ ਕੈਂਪ ਦਫ਼ਤਰ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦਾ ਕੰਮ ਭਰਮ ਫੈਲਾਉਣਾ ਹੈ, ਅਤੇ ਉਹ ਅਜੇ ਵੀ ਇਹੀ ਕਰ ਰਹੀ ਹੈ। ਦਿੱਲੀ ਅਤੇ ਚੰਡੀਗੜ੍ਹ ਦੀਆਂ ਭਾਜਪਾ ਨੇ ਸ਼ੁੱਕਰਵਾਰ (31 ਅਕਤੂਬਰ) ਨੂੰ ਸੋਸ਼ਲ ਮੀਡੀਆ 'ਤੇ ਸੈਟੇਲਾਈਟ ਤਸਵੀਰਾਂ ਸਾਂਝੀਆਂ ਕੀਤੀਆਂ ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਅਰਵਿੰਦ ਕੇਜਰੀਵਾਲ ਨੂੰ ਮੁੱਖ ਮੰਤਰੀ ਦੇ ਕੋਟੇ ਵਿੱਚੋਂ ਸੈਕਟਰ 2, ਚੰਡੀਗੜ੍ਹ ਵਿੱਚ 2 ਏਕੜ ਦਾ ਆਲੀਸ਼ਾਨ, 7 ਸਟਾਰ ਸਰਕਾਰੀ ਕੋਠੀ ਦਿੱਤੀ ਗਈ ਹੈ। ਦਿੱਲੀ ਭਾਜਪਾ ਨੇ ਸ਼ੁੱਕਰਵਾਰ (31 ਅਕਤੂਬਰ) ਨੂੰ ਸਵੇਰੇ 11:20 ਵਜੇ ਆਪਣੇ ਐਕਸ ਹੈਂਡਲ 'ਤੇ ਪੋਸਟ ਕੀਤਾ। ਸੈਟੇਲਾਈਟ ਤਸਵੀਰਾਂ ਸਾਂਝੀਆਂ ਕਰਦਿਆਂ ਹੋਇਆਂ ਭਾਜਪਾ ਨੇ ਲਿਖਿਆ, "ਕੇਜਰੀਵਾਲ, ਜੋ ਇੱਕ ਆਮ ਆਦਮੀ ਹੋਣ ਦਾ ਦਿਖਾਵਾ ਕਰਦਾ ਹੈ, ਨੇ ਇੱਕ ਹੋਰ ਸ਼ਾਨਦਾਰ ਸ਼ੀਸ਼ ਮਹਿਲ ਬਣਵਾਇਆ ਹੈ। ਪੋਸਟ ਵਿੱਚ ਅੱਗੇ ਲਿਖਿਆ ਹੈ, "ਦਿੱਲੀ ਵਿੱਚ ਸ਼ੀਸ਼ ਮਹਿਲ ਖਾਲੀ ਹੋਣ ਤੋਂ ਬਾਅਦ, ਪੰਜਾਬ ਦੇ ਸੁਪਰ ਸੀਐਮ ਅਰਵਿੰਦ ਕੇਜਰੀਵਾਲ ਨੇ ਪੰਜਾਬ ਵਿੱਚ ਇੱਕ ਸ਼ੀਸ਼ ਮਹਿਲ ਬਣਵਾਇਆ ਹੈ, ਜੋ ਕਿ ਦਿੱਲੀ ਨਾਲੋਂ ਵੀ ਸ਼ਾਨਦਾਰ ਹੈ। ਅਰਵਿੰਦ ਕੇਜਰੀਵਾਲ ਨੂੰ ਸੈਕਟਰ 2, ਚੰਡੀਗੜ੍ਹ ਵਿੱਚ ਸੀਐਮ ਕੋਟੇ ਤੋਂ 2 ਏਕੜ ਦਾ ਇੱਕ ਆਲੀਸ਼ਾਨ 7-ਸਿਤਾਰਾ ਸਰਕਾਰੀ ਬੰਗਲਾ ਮਿਲਿਆ ਹੈ।




## ਪੰਜਾਬ ਵਿੱਚ ਵਧਣ ਲੱਗੇ ਪਰਾਲੀ ਸਾੜਨ ਦੇ ਮਾਮਲੇ, ਤਰਨ ਤਾਰਨ 'ਚ ਸਭ ਤੋਂ ਵੱਧ ਸੜੀ ਪਰਾਲੀ, ਦੂਜੇ ਨੰਬਰ 'ਤੇ ਪਹੁੰਚਿਆ ਸੰਗਰੂਰ

ਚੰਡੀਗੜ੍ਹ, 1 ਨਵੰਬਰ (ਆਵਾਜ਼ਿ ਕੌਮ ਬਿਊਰੋ)- ਪੰਜਾਬ ਵਿੱਚ ਲਗਾਤਾਰ ਤੀਜੇ ਦਿਨ ਪਰਾਲੀ ਸਾੜਨ ਦੀਆਂ ਘਟਨਾਵਾਂ 200 ਤੋਂ ਵੱਧ ਹੋ ਗਈਆਂ ਹਨ। ਸ਼ੁੱਕਰਵਾਰ ਨੂੰ ਰਾਜ ਵਿੱਚ 224 ਨਵੇਂ ਮਾਮਲੇ ਸਾਹਮਣੇ ਆਏ, ਜਿਸ ਨਾਲ ਇਸ ਸੀਜ਼ਨ ਵਿੱਚ ਖੇਤਾਂ ਵਿੱਚ ਅੱਗ ਲੱਗਣ ਦੀਆਂ ਕੁੱਲ ਗਿਣਤੀ 1,642 ਹੋ ਗਈ। ਇਹ ਜਾਣਕਾਰੀ ਕੰਸੋਰਟੀਅਮ ਫਾਰ ਰਿਸਰਚ ਆਨ ਐਗਰੋ-ਈਕੋਸਿਸਟਮ ਮਾਨੀਟਰਿੰਗ ਐਂਡ ਮਾਡਲਿੰਗ ਫਰਾਮ ਸਪੇਸ ਦੀ ਇੱਕ ਰਿਪੋਰਟ ਵਿੱਚ ਸਾਹਮਣੇ ਆਈ ਹੈ। ਰਿਪੋਰਟ ਦੇ ਅਨੁਸਾਰ, ਛੇ ਰਾਜਾਂ ਵਿੱਚ ਰਿਪੋਰਟ ਕੀਤੇ ਗਏ 259 ਪਰਾਲੀ ਸਾੜਨ ਦੇ ਮਾਮਲਿਆਂ ਵਿੱਚੋਂ 86% ਪੰਜਾਬ ਵਿੱਚ ਸੀ। ਇਨ੍ਹਾਂ ਵਿੱਚੋਂ 63 ਮਾਮਲੇ ਮੁੱਖ ਮੰਤਰੀ ਭਗਵੰਤ ਮਾਨ ਦੇ ਗ੍ਰਹਿ ਜ਼ਿਲ੍ਹੇ ਸੰਗਰੂਰ ਵਿੱਚ ਸਾਹਮਣੇ ਆਏ। ਇਸ ਸੀਜ਼ਨ ਵਿੱਚ ਹੁਣ ਤੱਕ ਸਭ ਤੋਂ ਵੱਧ 374 ਮਾਮਲੇ ਤਰਨਤਾਰਨ ਵਿੱਚ ਦਰਜ ਹੋਏ ਹਨ। ਮਹੱਤਵਪੂਰਨ ਗੱਲ ਇਹ ਹੈ ਕਿ ਉੱਥੇ ਉਪ ਚੋਣਾਂ ਹੋਣੀਆਂ ਹਨ। ਮੁੱਖ ਮੰਤਰੀ ਮਾਨ ਦਾ ਗ੍ਰਹਿ ਜ਼ਿਲ੍ਹਾ ਸੰਗਰੂਰ 281 ਮਾਮਲਿਆਂ ਦੇ ਨਾਲ ਦੂਜੇ ਸਥਾਨ 'ਤੇ ਹੈ। ਪਿਛਲੇ ਸਾਲਾਂ ਦੇ ਮੁਕਾਬਲੇ, ਮਾਮਲਿਆਂ ਦੀ ਗਿਣਤੀ ਵਿੱਚ ਗਿਰਾਵਟ ਆਈ ਹੈ। 2024 ਵਿੱਚ, ਇਸੇ ਸਮੇਂ ਦੌਰਾਨ 2,950 ਮਾਮਲੇ ਸਨ, ਅਤੇ 2023 ਵਿੱਚ, 7,673 ਸਨ। ਇਸ ਸਾਲ, ਹੁਣ ਤੱਕ 44% ਘੱਟ ਮਾਮਲੇ ਸਾਹਮਣੇ ਆਏ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਗਿਣਤੀ ਵਿੱਚ ਕਮੀ ਦੇ ਬਾਵਜੂਦ, ਪ੍ਰਦੂਸ਼ਣ 'ਤੇ ਪ੍ਰਭਾਵ ਗੰਭੀਰ ਹੋਵੇਗਾ।

## ਬਿਹਾਰ 'ਚ ਕੋਈ ਡਬਲ ਇੰਜਣ ਸਰਕਾਰ ਨਹੀਂ ਹੈ, ਸੱਭ ਕੁੱਝ ਦਿੱਲੀ ਤੋਂ ਹੀ ਚੱਲ ਰਿਹਾ ਹੈ: ਪ੍ਰਿਯੰਕਾ ਗਾਂਧੀ ਵਾਡਰਾ

**ਆਵਾਜ਼ਿ ਕੌਮ ਦੀ ਵਿਸ਼ੇਸ਼ ਰਿਪੋਰਟ**

ਬੇਗੂਸਰਾਏ, 1 ਨਵੰਬਰ (ਸਟਿੰਗ ਆਪ੍ਰੇਸ਼ਨ ਬਿਊਰੋ)-ਕਾਂਗਰਸ ਦੀ ਸੰਸਦ ਮੈਂਬਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਸਨਿਚਰਵਾਰ ਨੂੰ ਬਿਹਾਰ 'ਚ ਬੇਰੁਜ਼ਗਾਰੀ ਅਤੇ ਪਰਵਾਸ ਦੇ ਮੁੱਦਿਆਂ ਨੂੰ



ਲੈ ਕੇ ਐਨ.ਡੀ.ਏ. ਸਰਕਾਰ ਉਤੇ ਨਿਸ਼ਾਨਾ ਵਿੰਨ੍ਹਿਆ ਅਤੇ ਦਾਅਵਾ ਕੀਤਾ ਕਿ ਸੂਬੇ 'ਚ ਕੋਈ ਡਬਲ ਇੰਜਣ ਵਾਲੀ ਸਰਕਾਰ ਨਹੀਂ ਹੈ ਕਿਉਂਕਿ ਸੱਭ ਕੁੱਝ ਦਿੱਲੀ ਤੋਂ ਹੀ ਚਲ ਰਿਹਾ ਹੈ। ਇਸ ਸਾਲ ਬਿਹਾਰ ਚੋਣਾਂ 'ਚ ਬੇਗੂਸਰਾਏ 'ਚ ਅਪਣੀ ਪਹਿਲੀ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਅਤੇ ਸੂਬੇ 'ਚ ਐਨ.ਡੀ.ਏ. ਸਰਕਾਰ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਹਟਾਉਣ ਲਈ 'ਵੰਡਣ ਵਾਲੀ ਸਿਆਸਤ' ਕਰ ਰਹੀ ਹੈ ਅਤੇ 'ਝੂਠੇ ਰਾਸ਼ਟਰਵਾਦ' ਦਾ ਪ੍ਰਚਾਰ ਕਰ ਰਹੀ ਹੈ। ਉਨ੍ਹਾਂ ਕਿਹਾ, "ਬਿਹਾਰ 'ਚ ਕੋਈ ਡਬਲ ਇੰਜਣ ਸਰਕਾਰ ਨਹੀਂ ਹੈ, ਸਗੋਂ ਸਿਰਫ ਇਕ ਇੰਜਣ ਹੈ। ਹਰ ਚੀਜ਼ ਦਿੱਲੀ ਤੋਂ ਕੰਟਰੋਲ ਹੁੰਦੀ ਹੈ। ਨਾ ਤਾਂ ਤੁਹਾਡੀ ਗੱਲ ਸੁਣੀ ਜਾ ਰਹੀ ਹੈ ਅਤੇ ਨਾ ਹੀ ਤੁਹਾਡੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦਾ ਸਨਮਾਨ ਕੀਤਾ ਜਾ ਰਿਹਾ ਹੈ।" ਵਾਡਰਾ ਨੇ ਕਿਹਾ ਕਿ ਐਨ.ਡੀ.ਏ. ਸਰਕਾਰ ਨੇ ਐਸ.ਆਈ.ਆਰ. ਕਰਵਾ ਕੇ ਲੋਕਾਂ ਦੇ ਵੋਟ ਦੇ ਅਧਿਕਾਰ ਨੂੰ ਕਮਜ਼ੋਰ ਕੀਤਾ ਹੈ, ਜਿਸ ਨੇ ਸੂਬੇ ਵਿਚ 65 ਲੱਖ ਵੋਟਰਾਂ ਨੂੰ ਵੋਟਰ ਸੂਚੀਆਂ 'ਚੋਂ ਹਟਾ ਦਿਤਾ ਹੈ। ਉਨ੍ਹਾਂ ਨੇ ਬਿਹਾਰ 'ਚ ਵੋਟਰ ਸੂਚੀਆਂ 'ਚ ਵਿਸ਼ੇਸ਼ ਸੋਧ ਨੂੰ ਲੈ ਕੇ ਭਾਜਪਾ ਦੀ ਆਲੋਚਨਾ ਕਰਦਿਆਂ ਦੋਸ਼ ਲਾਇਆ ਕਿ ਵੋਟਰਾਂ ਦੇ ਨਾਂ ਮਿਟਾਉਣਾ ਲੋਕਾਂ ਦੇ ਅਧਿਕਾਰਾਂ ਦੀ ਉਲੰਘਣਾ ਹੈ। ਵਾਡਰਾ ਨੇ ਭਾਜਪਾ ਉਤੇ ਹਮਲਾ ਕਰਦਿਆਂ ਦੋਸ਼ ਲਾਇਆ ਕਿ ਉਨ੍ਹਾਂ ਨੇ ਪਹਿਲਾਂ ਲੋਕਾਂ ਨੂੰ ਵੰਡਿਆ, ਜੰਗ ਉਤੇ ਗਏ, ਪਰ ਅਸਲ ਮੁੱਦਿਆਂ ਤੋਂ ਧਿਆਨ ਨਹੀਂ ਹਟਾ ਸਕੇ, ਇਸ ਲਈ ਉਹ ਹੁਣ ਵੋਟ ਚੋਰੀ ਕਰ ਰਹੇ ਹਨ। ਕਾਂਗਰਸੀ ਨੇਤਾ ਨੇ ਇਹ ਵੀ ਪੁਛਿਆ, "ਜਦੋਂ ਐਨ.ਡੀ.ਏ. ਦੇ ਚੋਟੀ ਦੇ ਨੇਤਾ ਇੱਥੇ ਆਉਂਦੇ ਹਨ ਤਾਂ ਉਹ ਕੀ ਗੱਲ ਕਰਦੇ ਹਨ ? ਜਾਂ ਤਾਂ ਉਹ ਭਵਿੱਖ ਜਾਂ ਅਤੀਤ ਵਿਚ 20 ਸਾਲਾਂ ਬਾਰੇ ਗੱਲ ਕਰਦੇ ਹਨ। ਉਹ ਨਹਿਰੂ ਜੀ, ਇੰਦਰਾ ਜੀ ਦੀ ਆਲੋਚਨਾ ਕਰਦੇ ਹਨ, ਪਰ ਉਹ ਬੇਰੁਜ਼ਗਾਰੀ, ਪਰਵਾਸ ਵਰਗੇ ਮੁੱਦੇ ਨਹੀਂ ਉਠਾਉਂਦੇ।" ਉਨ੍ਹਾਂ ਅੱਗੇ ਕਿਹਾ, "ਮੈਂ ਅਤੀਤ ਬਾਰੇ ਵੀ ਗੱਲ ਕਰਦੀ ਹਾਂ। ਫੈਕਟਰੀਆਂ ਕਿਸ ਨੇ ਸਥਾਪਤ ਕੀਤੀਆਂ ? ਆਈ.ਆਈ.ਟੀ. ਅਤੇ ਆਈ.ਆਈ.ਐਮ. ਕਿਸ ਨੇ ਸਥਾਪਿਤ ਕੀਤੇ ? ਇਸ ਦਾ ਜਵਾਬ ਕਾਂਗਰਸ ਅਤੇ ਨਹਿਰੂ ਜੀ ਹੈ।" ਵਾਡਰਾ ਨੇ ਦੋਸ਼ ਲਾਇਆ ਕਿ ਐਨ.ਡੀ.ਏ. ਸਰਕਾਰ ਚੋਣਾਂ ਜਿੱਤਣ ਅਤੇ ਲੋਕਾਂ ਦਾ ਧਿਆਨ ਭਟਕਾਉਣ ਲਈ 'ਵੰਡਣ ਵਾਲੀ ਸਿਆਸਤ ਖੇਡ ਰਹੀ ਹੈ ਅਤੇ ਜਾਅਲੀ ਰਾਸ਼ਟਰਵਾਦ ਦਾ ਪ੍ਰਚਾਰ ਕਰ ਰਹੀ ਹੈ।' ਉਨ੍ਹਾਂ ਦਾਅਵਾ ਕੀਤਾ ਕਿ ਬਿਹਾਰ ਨੇ ਦੇਸ਼ ਦੇ ਵਿਕਾਸ 'ਚ ਬਹੁਤ ਵੱਡਾ ਯੋਗਦਾਨ ਪਾਇਆ ਪਰ ਸੂਬੇ ਦਾ ਵਿਕਾਸ ਓਨਾ ਨਹੀਂ ਹੋਇਆ ਜਿੰਨਾ ਹੋਣਾ ਚਾਹੀਦਾ ਸੀ।

## ਅਮਰ ਸ਼ਹੀਦ ਸੰਤ ਗਿ: ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਵੱਡੇ ਭਰਾਤਾ ਕੈਪਟਨ ਹਰਚਰਨ ਸਿੰਘ ਰੋਡੇ ਸਦੀਵੀਂ ਵਿਛੋੜਾ ਦੇ ਗਏ



ਬਾਘਾ ਪੁਰਾਣਾ, 1 ਨਵੰਬਰ (ਆਵਾਜ਼ਿ ਕੌਮ ਬਿਊਰੋ)- 20ਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਦਮਦਮੀ ਟਕਸਾਲ ਦੇ 14ਵੇਂ ਮੁੱਖੀ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਵੱਡੇ ਭਰਾਤਾ ਕੈਪਟਨ ਹਰਚਰਨ ਸਿੰਘ ਰੋਡੇ (89) ਅੱਜ ਪਹਿਲੀ ਨਵੰਬਰ ਨੂੰ ਸਵੇਰੇ ਅਕਾਲ ਪੁਰਖ ਵਾਹਿਗੁਰੂ ਵੱਲੋਂ ਬਖਸ਼ੀ ਸੁਆਸਾਂ ਰੂਪੀ ਪੂੰਜੀ ਨੂੰ ਭੋਗਦਿਆਂ ਅਕਾਲ ਚਲਾਣਾ ਕਰ ਗਏ। ਆਪ ਜੀ ਮਿਲਟਰੀ ਵਿੱਚੋਂ ਬਤੌਰ ਕੈਪਟਨ ਸੇਵਾਮੁਕਤ ਹੋਏ ਸਨ। ਆਪ ਜੀ ਦੇ ਦੋ ਬੇਟੇ ਹਰਪਾਲ ਸਿੰਘ, ਤਰਲੋਚਨ ਸਿੰਘ ਅਮਰੀਕਾ ਅਤੇ ਤਿੰਨ ਬੇਟੀਆਂ ਹਨ। ਕੈਪਟਨ ਸਾਹਿਬ ਸਿੱਖ ਸਿਆਸਤ ਤੇ ਸਿੱਖ ਸੰਘਰਸ਼ ਵਿੱਚ ਪੂਰੀ ਤਰ੍ਹਾਂ ਸਰਗਰਮ ਰਹੇ ਸਨ। ਆਪ ਬੜੇ ਉਦਮੀ, ਨਿਤਨੇਮੀ ਤੇ ਚੜ੍ਹਦੀ ਕਲਾ ਵਿੱਚ ਰਹਿਣ ਵਾਲੇ ਸਿੱਖ ਆਗੂ ਸਨ। ਉਨ੍ਹਾਂ ਦਾ ਅੰਤਿਮ ਸੰਸਕਾਰ ਭਲਕੇ 2 ਨਵੰਬਰ ਨੂੰ ਸਵੇਰੇ 11 ਵਜੇ ਉਨ੍ਹਾਂ ਦੇ ਜੱਦੀ ਪਿੰਡ ਰੋਡੇ ਜਿਲ੍ਹਾ ਮੋਗਾ ਵਿਖੇ ਹੋਏਗਾ। ਕੈਪਟਨ ਹਰਚਰਨ ਸਿੰਘ ਰੋਡੇ

### ਪਿੰਡ ਰੋਡੇ ਵਿਖੇ ਸਸਕਾਰ ਅੱਜ

ਦੇ ਦਿਹਾਂਤ ਦੀ ਖਬਰ ਸੁਣਕੇ ਇਲਾਕੇ ਵਿੱਚ ਅਫਸੋਸ ਦੀ ਲਹਿਰ

ਆਵਾਜ਼ਿ ਕੌਮ
AWAZE QAUM
International Newspaper & WEB TV

ਛਾਅ ਗਈ ਅਤੇ ਉਨ੍ਹਾਂ ਦੇ ਘਰ ਵੱਡੇ ਗਿਣਤੀ ਵਿੱਚ ਇਲਾਕਾ ਵਾਸੀ ਪੁਜਣੇ ਸ਼ੁਰੂ ਹੋ ਗਏ। ਕੈਪਟਨ ਹਰਚਰਨ ਸਿੰਘ ਰੋਡੇ ਦੇ ਸਦੀਵੀਂ ਵਿਛੋੜਾ ਦੇ ਜਾਣ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਸਾਬਕਾ ਜਥੇਦਾਰ ਗਿਆਨੀ ਜਸਵੀਰ ਸਿੰਘ ਰੋਡੇ, ਬਾਬਾ ਚਰਨਜੀਤ ਸਿੰਘ ਜੱਸੋਵਾਲ, ਬਾਬਾ ਸਵਰਨਜੀਤ ਸਿੰਘ, ਭਾਈ ਦਰਸ਼ਨ ਸਿੰਘ ਮੰਡ, ਭਾਈ ਗੁਰਦੀਪ ਸਿੰਘ ਬਠਿੰਡਾ, ਭਾਈ ਬੂਟਾ ਸਿੰਘ ਰਣਸ਼ੀਹ ਕਲਾਂ, ਜਗਤਾਰ ਸਿੰਘ ਰੋਡੇ ਮੈਂਬਰ ਐਸਜੀਪੀਸੀ, ਅਰਸ਼ਦੀਪ ਸਿੰਘ ਸਮਰਾ ਸੰਪਾਦਕ ਅੱਜ ਦੀ ਆਵਾਜ਼, ਭਾਈ ਈਸ਼ਰ ਸਿੰਘ (ਸਪੁੱਤਰ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ) ਤੇ ਹੋਰਨਾਂ ਨੇ ਕਿਹਾ ਕਿ ਪੰਥਕ ਸਖਸ਼ੀਅਤ ਕੈਪਟਨ ਹਰਚਰਨ ਸਿੰਘ ਰੋਡੇ ਦੇ ਅਕਾਲ ਚਲਾਣਾ ਕਰ ਜਾਣ ਨਾਲ ਸਿੱਖ ਪੰਥ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।



# ਸ਼੍ਰੀ ਤਰਨ ਤਾਰਨ ਜ਼ਿਮਨੀ ਚੋਣ 2025
# ਪੰਥਕ ਹਲਕੇ ਦੇ ਵੋਟਰਾਂ ਨੂੰ ਅਪੀਲ

## ਪਾਰਟੀਬਾਜੀ ਤੋਂ ਉੱਪਰ ਉੱਠ ਕੇ ਪੰਥਕ ਉਮੀਦਵਾਰ ਭਾਈ ਮਨਦੀਪ ਸਿੰਘ ਨੂੰ ਹੀ ਵੋਟ ਪਾਉਣ : ਇੰਟਰਨੈਸ਼ਨਲ ਪੰਥਕ ਦਲ



ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ (ਬਾਨੀ ਇੰਟਰਨੈਸ਼ਨਲ ਪੰਥਕ ਦਲ) ਅਤੇ ਸਾਬਕਾ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ



ਭਾਈ ਪਰਮਜੀਤ ਸਿੰਘ ਢਾਡੀ
ਅੰਤਰਰਾਸ਼ਟਰੀ ਚੀਫ ਆਰਗੇਨਾਈਜ਼ਰ
ਇੰਟਰਨੈਸ਼ਨਲ ਪੰਥਕ ਦਲ



ਭਾਈ ਰਘਵੀਰ ਸਿੰਘ
ਪ੍ਰਧਾਨ
ਇੰਟਰਨੈਸ਼ਨਲ ਪੰਥਕ ਦਲ ਯੂ.ਕੇ.



ਭਾਈ ਕਪਤਾਨ ਸਿੰਘ
ਜਰਨਲ ਸਕੱਤਰ ਤੇ ਮੁੱਖ ਬੁਲਾਰਾ
ਇੰਟਰਨੈਸ਼ਨਲ ਪੰਥਕ ਦਲ ਯੂ.ਕੇ.

**ਲਵਰਹੈਪਟਨ (ਇੰਗਲੈਂਡ)** — ਸ਼੍ਰੀ ਤਰਨ ਤਾਰਨ ਸਾਹਿਬ — ਪੰਥਕ ਏਕਤਾ ਅਤੇ ਖਾਲਸਾ ਮਰਿਆਦਾ ਦੇ ਸੁਨੇਹੇ ਨਾਲ ਜੁੜੇ ਇੰਟਰਨੈਸ਼ਨਲ ਪੰਥਕ ਦਲ ਵੱਲੋਂ ਸ਼੍ਰੀ ਤਰਨ ਤਾਰਨ ਸਾਹਿਬ ਹਲਕੇ ਵਿੱਚ ਹੋ ਰਹੀ ਜ਼ਿਮਨੀ ਚੋਣ ਸਬੰਧੀ ਇੱਕ ਮਹੱਤਵਪੂਰਨ ਬਿਆਨ ਜਾਰੀ ਕੀਤਾ ਗਿਆ ਹੈ। ਦਲ ਨੇ ਪੰਥਕ ਹਲਕੇ ਦੇ ਸੂਝਵਾਨ ਅਤੇ ਜਾਗਰੂਕ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਪਾਰਟੀਬਾਜੀ, ਵਿਅਕਤੀਗਤ ਰੁਝਾਨਾਂ ਅਤੇ ਰਾਜਨੀਤਿਕ ਸਵਾਰਥਾਂ ਤੋਂ ਉੱਪਰ ਉੱਠ ਕੇ ਆਪਣੀ ਵੋਟ ਕੇਵਲ ਪੰਥਕ ਉਮੀਦਵਾਰ ਭਾਈ ਮਨਦੀਪ ਸਿੰਘ ਨੂੰ ਹੀ ਪਾਉਣ। ਇਹ ਸਾਂਝਾ ਬਿਆਨ ਭਾਈ ਪਰਮਜੀਤ ਸਿੰਘ ਢਾਡੀ, ਅੰਤਰਰਾਸ਼ਟਰੀ ਚੀਫ ਆਰਗੇਨਾਈਜ਼ਰ ਇੰਟਰਨੈਸ਼ਨਲ ਪੰਥਕ ਦਲ, ਭਾਈ ਰਘਵੀਰ ਸਿੰਘ, ਪ੍ਰਧਾਨ ਇੰਟਰਨੈਸ਼ਨਲ ਪੰਥਕ ਦਲ ਯੂ.ਕੇ., ਅਤੇ ਭਾਈ ਕਪਤਾਨ ਸਿੰਘ, ਜਰਨਲ ਸਕੱਤਰ ਤੇ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ ਯੂ.ਕੇ. ਵੱਲੋਂ ਸਾਂਝੇ ਤੌਰ 'ਤੇ ਜਾਰੀ ਕੀਤਾ ਗਿਆ।

**ਵਾਰਿਸ ਪੰਜਾਬ ਅਕਾਲੀ ਦਲ ਦਾ ਪੰਥਕ ਉਮੀਦਵਾਰ :** ਇੰਟਰਨੈਸ਼ਨਲ ਪੰਥਕ ਦਲ ਦੇ ਆਗੂਆਂ ਨੇ ਦੱਸਿਆ ਕਿ ਵਾਰਿਸ ਪੰਜਾਬ ਅਕਾਲੀ ਦਲ ਨੇ ਸ਼੍ਰੀ ਤਰਨ ਤਾਰਨ ਹਲਕੇ ਤੋਂ ਹੋ ਰਹੀ ਜ਼ਿਮਨੀ ਚੋਣ ਵਿੱਚ ਆਪਣੇ ਉਮੀਦਵਾਰ ਵਜੋਂ ਭਾਈ ਸੰਦੀਪ ਸਿੰਘ ਸੱਨੀ ਦੇ ਭਰਾ ਭਾਈ ਮਨਦੀਪ ਸਿੰਘ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਹੈ। ਭਾਈ ਸੰਦੀਪ ਸਿੰਘ ਸੱਨੀ ਇਸ ਸਮੇਂ ਜੇਲ੍ਹ ਵਿੱਚ ਬੰਦ ਹਨ ਅਤੇ ਉਹਨਾਂ ਦਾ ਪੰਥਕ ਤੇ ਜਨਤਕ ਯੋਗਦਾਨ ਕਾਫ਼ੀ ਮਹੱਤਵਪੂਰਨ ਰਿਹਾ ਹੈ। ਉਨ੍ਹਾਂ ਦੀ ਗੈਰਹਾਜ਼ਰੀ ਵਿੱਚ, ਉਨ੍ਹਾਂ ਦੇ ਭਰਾ ਭਾਈ ਮਨਦੀਪ ਸਿੰਘ ਨੇ ਪੰਥਕ ਸਿਧਾਂਤਾਂ ਦੀ ਰੱਖਿਆ ਅਤੇ ਲੋਕ ਸੇਵਾ ਨੂੰ ਅਗੇ ਵਧਾਉਣ ਦਾ ਸੰਕਲਪ ਲਿਆ ਹੈ। ਪੰਥਕ ਦਲ ਦੇ ਆਗੂਆਂ ਨੇ ਕਿਹਾ ਕਿ ਭਾਈ ਮਨਦੀਪ ਸਿੰਘ ਇੱਕ ਸਿੱਖ ਅਦਰਸ਼ਾਂ, ਸੱਚਾਈ ਅਤੇ ਸੇਵਾ ਦੇ ਪੱਖਦਾਰ ਉਮੀਦਵਾਰ ਹਨ, ਜਿਨ੍ਹਾਂ ਨੇ ਹਮੇਸ਼ਾਂ ਗੁਰੂ ਘਰਾਂ, ਸੰਗਤਾਂ ਅਤੇ ਪੰਥਕ ਮੁਹਿੰਮਾਂ ਵਿੱਚ ਭਾਗ ਲਿਆ ਹੈ।

**ਪੰਥਕ ਏਕਤਾ ਦੀ ਲੋੜ :** ਭਾਈ ਪਰਮਜੀਤ ਸਿੰਘ ਢਾਡੀ, ਭਾਈ ਰਘਵੀਰ ਸਿੰਘ ਅਤੇ ਭਾਈ ਕਪਤਾਨ ਸਿੰਘ ਨੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਪੰਥ ਅਨੇਕਾਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਉਹਨਾਂ ਕਿਹਾ — "ਇਹ ਚੋਣ ਸਿਰਫ਼ ਇੱਕ ਵਿਧਾਨ ਸਭਾ ਸੀਟ ਦੀ ਨਹੀਂ, ਸਗੋਂ ਪੰਥਕ ਸੋਚ ਅਤੇ ਗੁਰੂ ਸਿੱਖੀ ਅਦਰਸ਼ਾਂ ਦੀ ਜਿੱਤ ਦੀ ਚੋਣ ਹੈ। ਅਸੀਂ ਸਾਰਿਆਂ ਨੂੰ ਇਹ ਸੂਝਬੂਝ ਨਾਲ ਫੈਸਲਾ ਕਰਨਾ ਚਾਹੀਦਾ ਹੈ ਕਿ ਕਿਹੜਾ ਉਮੀਦਵਾਰ ਗੁਰੂ ਸਾਹਿਬ ਦੀ ਰਹਿਤ ਤੇ ਪੰਥ ਦੀ ਆਬਰੂ ਨੂੰ ਕਾਇਮ ਰੱਖ ਸਕਦਾ ਹੈ।" ਉਹਨਾਂ ਹੋਰ ਕਿਹਾ ਕਿ ਪੰਥਕ ਧਿਰਾਂ, ਸਮਾਜਕ ਜਥੇਬੰਦੀਆਂ ਤੇ ਗੁਰਮਤਿ ਪ੍ਰੇਮੀ ਸੰਗਤਾਂ ਵੱਲੋਂ ਵੀ ਭਾਈ ਮਨਦੀਪ ਸਿੰਘ ਦੀ ਖੁੱਲ੍ਹੀ ਹਮਾਇਤ ਕੀਤੀ ਜਾ ਰਹੀ ਹੈ, ਜੋ ਪੰਥਕ ਏਕਤਾ ਦਾ ਸਪਸ਼ਟ ਪ੍ਰਤੀਕ ਹੈ।

**ਸ਼੍ਰੀ ਤਰਨ ਤਾਰਨ ਸਾਹਿਬ ਦੀ ਧਰਤੀ ਦਾ ਮਹੱਤਵ :** ਆਗੂਆਂ ਨੇ ਕਿਹਾ ਕਿ ਤਰਨ ਤਾਰਨ ਸਾਹਿਬ ਦੀ ਧਰਤੀ ਗੁਰੂ ਸਾਹਿਬਾਨ ਅਤੇ ਸ਼ਹੀਦਾਂ ਦੀ ਚਰਨ ਛੋਹ ਧਰਤੀ ਹੈ, ਜੋ ਖਾਲਸਾ ਰਾਜ ਦੇ ਸਮੇਂ ਸਿੱਖ ਰਾਜਧਾਨੀ ਦਾ ਮਾਣ ਰੱਖਦੀ ਆਈ ਹੈ। ਇਸ ਲਈ ਮਾਝੇ ਦੇ ਸੂਝਵਾਨ ਸਿੱਖਾਂ ਨੂੰ ਚਾਹੀਦਾ ਹੈ ਕਿ ਉਹ ਇਸ ਧਰਤੀ ਦੀ ਰਵਾਇਤ ਨੂੰ ਜ਼ਿੰਦਾ ਰੱਖਦਿਆਂ ਪੰਥਕ ਝੰਡੇ ਹੇਠ ਇਕੱਠੇ ਹੋਣ। ਉਹਨਾਂ ਕਿਹਾ ਕਿ ਇਹ ਚੋਣ ਸਿਰਫ਼ ਰਾਜਨੀਤਿਕ ਨਹੀਂ, ਸਗੋਂ ਪੰਥਕ ਆਤਮਗੌਰਵ ਦੀ ਪ੍ਰਤੀਕ ਚੋਣ ਹੈ। ਜੇ ਮਾਝੇ ਦੇ ਸਿੱਖ ਇਕਜੁੱਟ ਹੋ ਕੇ ਭਾਈ ਮਨਦੀਪ ਸਿੰਘ ਨੂੰ ਵੱਡੀ ਲੀਡ ਨਾਲ ਕਾਮਯਾਬ ਕਰਾਉਂਦੇ ਹਨ, ਤਾਂ ਇਹ 2027 ਲਈ ਇੱਕ ਮਜ਼ਬੂਤ ਪੰਥਕ ਆਵਾਜ਼ ਦੀ ਸ਼ੁਰੂਆਤ ਹੋਵੇਗੀ।

**ਪੰਥਕ ਦਲ ਦੀ ਅਪੀਲ :** ਇੰਟਰਨੈਸ਼ਨਲ ਪੰਥਕ ਦਲ ਨੇ ਸਾਰਿਆਂ ਪੰਥਕ ਵੋਟਰਾਂ ਨੂੰ ਸਾਂਝੀ ਅਪੀਲ ਕੀਤੀ — **"ਆਉ ਜੀ, 11 ਨਵੰਬਰ ਨੂੰ ਸ਼੍ਰੀ ਤਰਨ ਤਾਰਨ ਸਾਹਿਬ ਦੀ ਧਰਤੀ ਤੋਂ ਪੰਥਕ ਜਿੱਤ ਦਾ ਨਾਅਰਾ ਲਗਾਈਏ। ਆਪਣੇ ਗੁਰੂ ਦੀ ਰਹਿਤ, ਆਪਣੇ ਸ਼ਹੀਦਾਂ ਦੀ ਕੁਰਬਾਨੀ ਅਤੇ ਆਪਣੀ ਧਰਤੀ ਦੇ ਮਾਣ ਲਈ ਭਾਈ ਮਨਦੀਪ ਸਿੰਘ ਨੂੰ ਜਿੱਤਾਂ ਕੇ 2027 ਦਾ ਰਾਹ ਪੱਧਰਾ ਕਰੀਏ।"**

**ਚੋਣ ਮਿਤੀ: 11 ਨਵੰਬਰ 2025**
**ਹਲਕਾ: ਸ਼੍ਰੀ ਤਰਨ ਤਾਰਨ ਸਾਹਿਬ**
**ਉਮੀਦਵਾਰ: ਭਾਈ ਮਨਦੀਪ ਸਿੰਘ (ਵਾਰਿਸ ਪੰਜਾਬ ਅਕਾਲੀ ਦਲ)**



ਭਾਈ ਮਨਦੀਪ ਸਿੰਘ (ਭਰਾਤਾ ਭਾਈ ਸੰਦੀਪ ਸਿੰਘ ਸੰਨੀ)
ਉਮੀਦਵਾਰ, ਵਿਧਾਨ ਸਭਾ ਹਲਕਾ ਤਰਨ-ਤਾਰਨ

ਆਵਾਜ਼ਿ ਕੌਮ AWAZE QAUM International Newspaper & WEB TV


--★ ਜਾਰੀ ਕਰਤਾ ★--

## ਇੰਟਰਨੈਸ਼ਨਲ ਪੰਥਕ ਦਲ

ਭਾਈ ਪਰਮਜੀਤ ਸਿੰਘ ਢਾਡੀ — ਅੰਤਰਰਾਸ਼ਟਰੀ ਚੀਫ ਆਰਗੇਨਾਈਜ਼ਰ
ਭਾਈ ਰਘਵੀਰ ਸਿੰਘ — ਪ੍ਰਧਾਨ, ਇੰਟਰਨੈਸ਼ਨਲ ਪੰਥਕ ਦਲ ਯੂ.ਕੇ.
ਭਾਈ ਕਪਤਾਨ ਸਿੰਘ — ਜਰਨਲ ਸਕੱਤਰ ਤੇ ਮੁੱਖ ਬੁਲਾਰਾ, ਯੂ.ਕੇ.

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear death of conscience is a sure death

Sant Jarnail Singh Ji Khalsa Bhindranwale

www.damdamitaksal.net



ਘਾੜਤ ਘੜੀਐ ਸਬਦੁ ਸਚੀ ਟਕਸਾਲ ॥

ਦਮਦਮੀ ਟਕਸਾਲ

ਨਾਮ ਜਪੋ ਕਿਰਤ ਕਰੋ ਵੰਡ ਛੱਕੋ

Naam Japo Kirat Karo Vand Shako

ਜਥਾ ਭਿੰਡਰਾਂ (ਮਹਿਤਾ)

www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ

Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ

Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ

Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ

Learn Gurmukhi Punjabi

ਗਤਕਾ ਸਿੱਖੋ Learn Gatka

www.damdamitaksal.net



ਆਵਾਜ਼ਿ ਕੌਮ

Daily Newspaper from U.K.

Publisher/Chief Editor

**Raghbir Singh Walsal**

E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7l

Contact :

+447458381111

+447976210161

+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ

ਯੂ.ਕੇ. ਮੁੱਖ ਸੰਪਾਦਕ

Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ



# ਸਾਂਝਾ ਪੰਜਾਬ

## VEG & NON-VEG INDIAN

WE CATER FOR
★★★★★






SANJHA PUNJAB
VEG & NON-VEG INDIAN
TAKE AWAY MENU

0116 291 1565
075 9999 5787
47 BELGRAVE ROAD
LEICESTER LE4 6AR
visit us : www.sanjhapunjab.co.uk
email: sanjha47@hotmail.com




SANJHA PUNJAB
VEG & NON-VEG INDIAN
0116 291 1565
visit us : www.sanjhapunjab.co.uk
email: sanjha47@hotmail.com

ALLERGY ADVICE !!

Please ask a member of staff if you have any food intolerance or allergies.

ਆਵਾਜ਼ਿ ਕੌਮ
AWAZE QAUM
International Newspaper & WEB TV

**DHAN DHAN SRI GURU NANAK DEV JI PARKASH PURAB**

# SANDWELL NAGAR KIRTAN

## ਨਗਰ ਕੀਰਤਨ



## SUNDAY 2ND NOVEMBER 2025

| | | | |
|---|---|---|---|
| **GURDWARA GURU HAR RAI SAHIB JI**<br>George Street, West Bromwich | START 9:00AM | ਗੁਰਦੁਆਰਾ ਗੁਰੂ ਹਰਿ ਰਾਇ ਸਾਹਿਬ<br>ਜਰੋਜ ਸਟਰੀਟ, ਵੈਸਟ ਬ੍ਰਮਿਚ | ਅਰੰਭਤਾ: ੯:00 ਵਜੇ |
| **GURU NANAK GURDWARA**<br>Edward Street, West Bromwich | 11:00AM | ਗੁਰੂ ਨਾਨਕ ਗੁਰਦੁਆਰਾ<br>ਏਡਵਰਡ ਸਟਰੀਟ, ਵੈਸਟ ਬ੍ਰਮਿਚ | ੧੧:00 ਵਜੇ |
| **GURDWARA AMRIT PARCHAR DHARMIK DIWAN**<br>Birmingham Road, Oldbury | 1:00PM | ਗੁਰਦੁਆਰਾ ਅੰਮ੍ਰਿਤ ਪ੍ਰਚਾਰ ਧਾਰਮਿਕ ਦੀਵਾਨ<br>ਬ੍ਰਮਿੰਘਮ ਰੋਡ, ਓਲਡਬਰੀ | ੧:00 ਵਜੇ |
| **GURDWARA GURU MANEYO GRANTH**<br>Popes Lane, Oldbury | 2:00PM | ਗੁਰਦੁਆਰਾ ਗੁਰੂ ਮਾਨਯੋ ਗ੍ਰੰਥ<br>ਪੋਪਸ ਲੇਨ, ਓਲਡਬਰੀ | ੨:00 ਵਜੇ |
| **GURDWARA BABA SANG**<br>St. Paul's Road, Smethwick | 3:15PM | ਗੁਰਦੁਆਰਾ ਬਾਬਾ ਸੰਗ ਜੀ<br>ਸਟ, ਪਲੋਜ ਰੋਡ, ਸਮੈਦਿਕ | ੩:੧੫ ਵਜੇ |
| **GURU NANAK GURDWARA SMETHWICK**<br>High Street, Smethwick | 4:00PM FINISH | ਗੁਰੂ ਨਾਨਕ ਗੁਰਦੁਆਰਾ<br>ਸਮੈਦਿਕ | ਸਮਾਪਤੀ: ੪:00 ਵਜੇ |

**GURU HAR RAI GURDWARA SAHIB - 0121 553 7219**

**GURU NANAK GURDWARA SMETHWICK - 0121 558 2527**

Sri Guru HarRai Sahib Ji · Guru Nanak Gurdwara · Gurdwara Amrit Parchar Dharmik Diwan Oldbury · Gurdwara Guru Maneyo Granth Oldbury · Gurdwara Baba Sang Ji · Guru Nanak Gurdwara Smethwick

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥


# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਮਹਾਨ ਗੁਰਮਿਤ ਸਮਾਗਮ





☛ ਜੋੜ ਮੇਲਾ ਅਚਲ ਬਟਾਲਾ ☛ ਜਨਮ ਦਿਹਾੜਾ ਬਾਬਾ ਬੰਦਾ ਸਿੰਘ ਬਹਾਦਰ ਪਿੰਡ ਰਾਜੌਰੀ (ਜੰਮੂ) ☛ ਸ਼ਹੀਦੀ ਸਾਕਾ ਪੰਜਾ ਸਾਹਿਬ (ਪਾਕਿਸਤਾਨ) ☛ ਕੌਮੀ ਯੋਧੇ ਸਹੀਦੀ ਦਿਹਾੜਾ ਭਾਈ ਬੇਅੰਤ ਸਿੰਘ ਸਾਹਿਬ ਜੀ। ☛ਜਨਮ ਦਿਹਾੜਾ ਸ਼੍ਰੋਮਣੀ ਭਗਤ , ਭਗਤ ਨਾਮਦੇਵ ਸਾਹਿਬ ਜੀ ਨੂੰ ਸਮਰਪਿਤ ਗੁਰਮਿਤ ਸਮਾਗਮ ਕਰਵਾਏ ਜਾ ਰਹੇ ਹਨ।

**ਸ਼ਨਿੱਚਰਵਾਰ 1 ਨਵੰਬਰ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ।**

ਐਤਵਾਰ 2 ਨਵੰਬਰ 2025 ਨੂੰ 6:30 ਵਜੇ ਸਵੇਰੇ ਚੋਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9:30 ਵਜੇ ਭੋਗ ਪੈਣਗੇ ਉਪਰੰਤ 12:30 ਵਜੇ ਤੱਕ ਦੀਵਾਨ ਸਜਣਗੇ।

ਰਾਗੀ ਜਥਾ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਜੋਗੇਵਾਲ ਪੰਜਾਬ ਧਰਤੀ ਤੋਂ ਕੀਰਤਨ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

### ★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ। ☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap
26020Casalmorano Cremona (IT)

E-mail : gur.damdamitaksaalitaly@gmail.com

**Call+393475711755 / 3208124778**

# ਕੰਗ ਸਾਹਬੂ NRI's ਵੈਲਫੇਅਰ ਸੁਸਾਇਟੀ

## ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ

# ਫਰੀ ਮੈਡੀਕਲ ਕੈਂਪ

ਕੰਗ ਸਾਹਬੂ ਵਿਖੇ ਲਗਾਇਆ ਜਾ ਰਿਹਾ ਹੈ।

ਦਿਨ ਐਤਵਾਰ ਮਿਤੀ 2-11-2025 ਸਮਾਂ ਸਵੇਰੇ 9 ਵਜੇ ਤੋਂ ਸ਼ਾਮ 2-30 ਵਜੇ ਤੱਕ

**Heart Check Up (ECG Test)**

ਹੱਡੀਆਂ ਦੇ ਮਾਹਿਰ ਡਾਕਟਰ ਜੋੜਾਂ ਦੇ ਦਰਦਾਂ ਦੀਆਂ ਦਵਾਈਆਂ ਮੁਫਤ ਦਿਤੀਆਂ ਜਾਣਗੀਆਂ।

ਅੱਖਾਂ ਦੇ ਮਾਹਿਰ ਡਾਕਟਰ ਅੱਖਾਂ ਦੀਆਂ ਬਿਮਾਰੀਆਂ ਦਾ ਚੈਕਅਪ ਕਰਨਗੇ ਅਤੇ ਲੋੜਵੰਦਾਂ ਨੂੰ ਦਵਾਈਆਂ ਦਿੱਤੀਆਂ ਜਾਣਗੀਆਂ

ਆਮ ਬਿਮਾਰੀਆਂ ਅਤੇ ਔਰਤਾਂ ਦੇ ਰੋਗਾਂ ਦੇ ਮਾਹਿਰ ਡਾਕਟਰ ਮਰੀਜ਼ਾਂ ਦਾ ਚੈਕਅਪ ਕਰਨਗੇ

**ਸਥਾਨ : ਸਰਕਾਰੀ ਹਾਈ ਸਕੂਲ ਪਿੰਡ ਕੰਗ ਸਾਹਬੂ, ਤਹਿ. ਨਕੋਦਰ (ਜਲੰਧਰ)**

1. ਔਰਤਾਂ ਅਤੇ ਮਰਦਾਂ ਦੇ ਕੈਂਸਰ ਦੀ ਸਰੀਰਕ ਜਾਂਚ ।
2. ਔਰਤਾਂ ਦੇ ਛਾਤੀ ਦੇ ਕੈਂਸਰ ਦੀ ਜਾਂਚ ਲਈ (ਮੈਮੋਗ੍ਰਾਫੀ) ਟੈਸਟ।
3. ਔਰਤਾਂ ਦੇ ਬੱਚੇਦਾਨੀ ਦੇ ਕੈਂਸਰ ਦੀ ਜਾਂਚ ਲਈ (ਪੈਪ ਸਮਿਅਰ) ਟੈਸਟ।
4. ਮਰਦਾਂ ਦੇ ਗਦੂਦਾਂ ਦੇ ਕੈਂਸਰ ਲਈ ਪੀ.ਐਸ.ਏ.ਟੈਸਟ।
5. ਕੈਂਸਰ ਦੇ ਮਰੀਜਾਂ ਨੂੰ ਇਲਾਜ ਲਈ ਸਹੀ ਸਲਾਹ।
6. ਔਰਤਾਂ ਅਤੇ ਮਰਦਾਂ ਦੀ ਸ਼ੂਗਰ ਤੇ ਬਲੱਡ ਪ੍ਰੈਸ਼ਰ ਟੈਸਟ।
7. ਸ਼ੂਗਰ, ਬਲੱਡ ਪ੍ਰੈਸ਼ਰ ਸਬੰਧੀ ਮੁਫਤ ਦਵਾਈਆਂ।
8. ਆਮ ਬਿਮਾਰੀਆਂ ਸਬੰਧੀ ਡਾਕਟਰ ਮਰੀਜਾ ਦਾ ਚੈਕਅਪ ਕਰਨਗੇ ਅਤੇ ਲੋੜਵੰਦਾਂ ਨੂੰ ਮੁਫਤ ਦਵਾਈਆਂ।
9. ਅੱਖਾਂ ਦੇ ਮਾਹਿਰ ਡਾਕਟਰ ਅੱਖਾਂ ਦੀਆਂ ਬਿਮਾਰੀਆਂ ਦਾ ਚੈਕਅਪ ਕਰਨਗੇ ਅਤੇ ਲੋੜਵੰਦਾਂ ਨੂੰ ਦਵਾਈਆਂ ਅਤੇ ਐਨਕਾਂ ਦਿਤੀਆ ਜਾਣਗੀਆਂ।
10. ਹੱਡੀਆਂ ਦੇ ਮਾਹਿਰ ਡਾਕਟਰ ਮਰੀਜਾ ਦਾ ਚੈਕਅਪ ਕਰਨਗੇ ਅਤੇ ਜੋੜਾਂ ਦੇ ਦਰਦ ਦੀਆ ਦਵਾਈਆਂ ਦੇਣਗੇ।
11. ਔਰਤਾਂ ਦੇ ਰੋਗਾ ਦੇ ਮਾਹਿਰ ਡਾਕਟਰ ਔਰਤਾਂ ਦੀਆ ਬਿਮਾਰੀਆ ਦਾ ਫਰੀ ਚੈੱਕਅਪ ਕਰਨਗੇ ਤੇ ਮੁਫਤ ਦਵਾਈਆਂ ਦਿੱਤੀਆ ਜਾਣਗੀਆਂ।

ਨੋਟ : ਇਹ ਕੈਂਪ ਔਰਤਾਂ ਲਈ ਸਪੈਸ਼ਲ ਹੈ। ਸੋ ਸਾਰੀਆਂ ਔਰਤਾਂ ਚੈਕਅਪ ਜ਼ਰੂਰ ਕਰਵਾਉਣ

★ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ★

**Mob. : 94630-27634, 98151-89612**

# ਇੱਕ ਨਜ਼ਰ ...



## ਕੈਪਟਨ ਹਰਚਰਨ ਸਿੰਘ ਦਾ ਚਲੇ ਜਾਣ ਨਾਲ ਸੰਘਰਸ਼ ਦਾ ਇੱਕ ਅਧਿਆਏ ਖ਼ਤਮ ਹੋ ਗਿਆ -ਜੱਥਾ ਠੀਕਰੀਵਾਲਾ

ਅਮਰ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਵਾਲਿਆ ਦੇ ਭਰਾਤਾ ਕੈਪਟਨ ਹਰਚਰਨ ਸਿੰਘ ਰੋਡੇ ਦੇ ਚਲੇ ਜਾਣ ਦਾ ਕੌਮ ਨੂੰ ਬਹੁਤ ਵੱਡਾ ਘਾਟਾ ਹੈ ਸੰਘਰਸ਼ ਦੀਆ ਬਹੁਤ ਸਾਰੀਆਂ ਘਟਨਾਵਾਂ ਦੇ ਉਹ ਜਿੰਦਾ ਪਾਤਰ ਸਨ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਜੱਥਾ ਠੀਕਰੀਵਾਲਾ ਦੇ ਮੁੱਖ ਸੇਵਾਦਾਰ ਭਾਈ ਸੁਰਿੰਦਰ ਸਿੰਘ ਠੀਕਰੀਵਾਲਾ ਨੇ ਕੀਤਾ।ਭਾਈ ਠੀਕਰੀਵਾਲਾ ਨੇ ਕਿਹਾ ਰੋਡੇ ਪਰਿਵਾਰ ਨੇ ਸਿੱਖ ਕੌਮ ਲਾਈ ਬਹੁਤ ਕੁਰਬਾਨੀਆਂ ਦਿੱਤੀਆਂ ਹਨ ਇਹ ਪਰਿਵਾਰ ਅਜੋਕੇ ਆਜ਼ਾਦੀ ਦੇ ਸੰਘਰਸ਼ ਦਾ ਮੁੱਖ ਧੁਰਾ ਹੈ ਕਿਪਟਨ ਹਰਚਰਨ ਸਿੰਘ ਜੀ ਸਿੱਖ ਸੰਘਰਸ਼ ਦੀਆ ਬਹੁਤ ਇਤਿਹਾਸਕ ਘਟਨਾਵਾਂ ਦੇ ਪ੍ਰਤੱਖ ਦਰਸੀ ਅਤੇ ਅਹਿਮ ਪਾਤਰ ਸਨ ਕੈਪਟਨ ਸਾਬ ਨੇ ਜਿੰਦਗੀ ਦੇ ਆਖਰੀ ਸਮੇ ਤੱਕ ਜਿੰਦਗੀ ਸੰਘਰਸ਼ ਲੇਖੇ ਲਾਈ ਆਪ ਜੀ ਸਿੰਘਾਂ ਸ਼ਹੀਦਾਂ ਦੇ ਪਰਿਵਾਰ ਦੇ ਬਹੁਤ ਮਦਦਗਾਰ ਸਨ ਜਿਨ੍ਹਾਂ ਨੇ ਹਰ ਦੁੱਖ ਸੁੱਖ ਵਿੱਚ ਪਰਿਵਾਰਾਂ ਦਾ ਸਾਥ ਦਿੱਤਾ। ਕੈਪਟਨ ਸਾਬ ਹਰ ਕੌਮੀ ਸੰਘਰਸ਼ ਵਿੱਚ ਅਹਿਮ ਰੋਲ ਨਿਭਾਉਂਦੇ ਸਨ ਮੇਰਾ ਓਨਾ ਨਾਲ ਪਹਿਲੀ ਵਾਰ ਡੇਰਾ ਸਿਰਸਾ ਖਿਲਾਫ ਚੱਲੇ ਸੰਘਰਸ਼ ਵਿੱਚ ਪਿਆ ਆਪ ਜੀ ਬੰਦੀ ਸਿੰਘਾਂ ਦੇ ਸੰਘਰਸ਼ ਵਿੱਚ ਵੀ ਪੂਰੀ ਤਰਾਂ ਸਰਗਰਮ ਰਹੇ ਆਪ ਜੀ ਦਾ ਸਮੁੱਚੀਆਂ ਪੰਥਕ ਧਿਰਾਂ ਸਖਸੀਅਤਾ ਨਾਲ ਗੂੜੀ ਸਾਂਝ ਸੀ ਆਪ ਜੀ ਪ੍ਰਚਾਰ ਹਿੱਤ ਵਿਦੇਸ਼ਾਂ ਵਿੱਚ ਵੀ ਗਏ ਸਣ ਅੰਤਲੇ ਸਮੇ ਵਿੱਚ ਆਪ ਜੀ ਸਰੀਰਿਕ ਤੌਰ ਤੇ ਬਿਮਾਰ ਹੋ ਗਏ ਸਨ ਅੱਜ 1 ਨਵੰਬਰ ਨੂੰ ਸਰੀਰਕ ਤੌਰ ਤੇ ਸਦੀਵੀ ਵਿਛੋੜਾ ਦੇ ਗਏ ਆਪ ਜੀ ਦਾ ਅੰਤਿਮ ਸਸਕਾਰ 2 ਨਵੰਬਰ ਨੂੰ 11 ਵਜੇ ਪਿੰਡ ਰੋਡੇ ਜਿਲ੍ਹਾ ਮੋਗਾ ਵਿਖ਼ੇ ਕੀਤਾ ਜਾਵੇਗਾ,ਇਸ ਮੌਕੇ ਭਾਈ ਇਕਬਾਲ ਪ੍ਰੀਤ ਸਿੰਘ ਭੁੱਚੀ ,ਭਾਈ ਨਵਦੀਪ ਸਿੰਘ ਰੋਗਲਾ ,ਭਾਈ ਰਮਨਦੀਪ ਸਿੰਘ ਇੰਡੀਆਨਾ ,ਭਾਈ ਕਰਨਪਾਲ ਸਿੰਘ ਨੇ ਵੀ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

### ਸ੍ਰੀ ਤਰਨ ਤਾਰਨ ਸਾਹਿਬ ਤੋਂ ਵੱਡੀ ਖ਼ਬਰ

## ਇੰਗਲੈਂਡ ਨਿਵਾਸੀ ਤੇਜ਼ਪ੍ਰਕਾਸ਼ ਸਿੰਘ ਤੇ ਤਰਨਪਾਲ ਸਿੰਘ ਵੱਲੋਂ ਪੰਥਕ ਆਗੂ ਭਾਈ ਮਨਦੀਪ ਸਿੰਘ ਦੇ ਹੱਕ 'ਚ ਅਪੀਲ







ਤਰਨ ਤਾਰਨ, 1 ਨਵੰਬਰ (ਆਵਾਜ਼ ਕੌਮ ਬਿਊਰੋ): ਇੰਗਲੈਂਡ ਵਿੱਚ ਨਿਵਾਸੀ ਸਿੱਖ ਨੌਜਵਾਨ ਤੇਜ਼ਪ੍ਰਕਾਸ਼ ਸਿੰਘ ਤੇ ਤਰਨਪਾਲ ਸਿੰਘ ਨੇ ਅੱਜ ਇੱਕ ਵੀਡੀਓ ਜਾਰੀ ਕਰਕੇ ਹਲਕਾ ਸ੍ਰੀ ਤਰਨ ਤਾਰਨ ਸਾਹਿਬ ਦੇ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਉਣ ਵਾਲੀਆਂ ਚੋਣਾਂ ਵਿੱਚ ਪੰਥਕ ਆਗੂ ਭਾਈ ਮਨਦੀਪ ਸਿੰਘ ਨੂੰ ਬਾਲਟੀ ਚਿੰਨ੍ਹ 'ਤੇ ਵੋਟ ਪਾ ਕੇ ਕਾਮਯਾਬ ਕਰਨ। ਉਹਨਾਂ ਕਿਹਾ ਕਿ ਭਾਈ ਮਨਦੀਪ ਸਿੰਘ ਇੱਕ ਸੱਚੇ ਪੰਥਕ ਸਿਪਾਹੀ ਹਨ ਜੋ ਗੁਰਮਤਿ ਸਿਧਾਂਤਾਂ ਅਨੁਸਾਰ ਸਿੱਖ ਰਾਜਨੀਤੀ ਨੂੰ ਪਾਰਦਰਸ਼ੀ ਅਤੇ ਨੀਤੀਵਾਨ ਬਣਾਉਣ ਲਈ ਜੁਟੇ ਹੋਏ ਹਨ।ਇੰਗਲੈਂਡ ਵਸਦੇ ਇਹ ਦੋਵੇਂ ਸਿੱਖ ਨੌਜਵਾਨਾਂ ਨੇ ਸਥਾਨਕ ਸੰਗਤਾਂ ਨੂੰ ਵੀ ਭਾਈ ਮਨਦੀਪ ਸਿੰਘ ਦੇ ਹੱਕ 'ਚ ਪ੍ਰਚਾਰ ਕਰਨ ਦੀ ਅਪੀਲ ਕੀਤੀ ਹੈ। ਉਹਨਾਂ ਕਿਹਾ ਕਿ ਤਰਨ ਤਾਰਨ ਦੀ ਧਰਤੀ ਸਦਾ ਹੀ ਸਿੱਖ ਕੌਮ ਦੇ ਸੂਰਮੇ ਪੈਦਾ ਕਰਦੀ ਆਈ ਹੈ ਅਤੇ ਹੁਣ ਸਮਾਂ ਹੈ ਕਿ ਪੰਥਕ ਆਵਾਜ਼ ਨੂੰ ਸਿਆਸਤ ਵਿੱਚ ਅਗੇ ਲਿਆਂਦਾ ਜਾਵੇ।

# ਸ਼ਹੀਦ ਭਾਈ ਮੇਜਰ ਸਿੰਘ ਤੇ ਸ਼ਹੀਦ ਭਾਈ ਬਲਬੀਰ ਸਿੰਘ ਦੀ ਯਾਦ ਵਿੱਚ ਪਿੰਡ ਕੌਲੋਵਾਲ ਵਿਖੇ ਕਰਵਾਇਆ ਸਲਾਨਾ ਸ਼ਹੀਦੀ ਸਮਾਗਮ

### ਹੜ੍ਹ ਪੀੜਤਾਂ ਲਈ 11 ਲੱਖ ਦੀ ਖਾਦ ਅਤੇ 4 ਲੱਖ ਦੀ ਨਗਦ ਸੇਵਾ ਕੀਤੀ




ਅੰਮ੍ਰਿਤਸਰ, 1 ਨਵੰਬਰ ( ਆਵਾਜ਼ਿ ਕੌਮ ਬਿਊਰੋ): ਵੀਹਵੀਂ ਸਦੀ ਦੇ ਮਹਾਨ ਸਿੱਖ, ਜਰਨੈਲਾਂ ਦੇ ਜਰਨੈਲ ਅਤੇ ਦਮਦਮੀ ਟਕਸਾਲ ਦੇ ਚੌਦਵੇਂ ਮੁਖੀ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਅਰੰਭੇ ਸੰਘਰਸ਼ ਦੌਰਾਨ ਸ਼ਹੀਦ ਹੋਏ ਭਾਈ ਮੇਜਰ ਸਿੰਘ ਅਤੇ ਭਾਈ ਬਲਬੀਰ ਸਿੰਘ ਦੀ ਯਾਦ ਵਿੱਚ ਪਿੰਡ ਕੌਲੋਵਾਲ ਦੇ ਗੁਰਦੁਆਰਾ ਸ਼ਹੀਦਾਂ ਸਾਧ ਸੰਗਤ ਵਿਖੇ ਸਲਾਨਾ ਗੁਰਮਤਿ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਪੰਥ ਪ੍ਰਸਿੱਧ ਕਵੀਸ਼ਰ ਭਾਈ ਗੁਰਸੇਵਕ ਸਿੰਘ ਪੱਧਰੀ ਨੇ ਸ਼ਹੀਦ ਭਾਈ ਸਤਵੰਤ ਸਿੰਘ, ਸ਼ਹੀਦ ਭਾਈ ਬੇਅੰਤ ਸਿੰਘ, ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਦਾ ਜੋਸ਼ੀਲਾ ਇਤਿਹਾਸ ਸੁਣਾ ਕੇ ਅਤੇ ਕਥਾਵਾਚਕ ਭਾਈ ਜਸਵੀਰ ਸਿੰਘ ਨੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਸੰਤ ਬਾਬਾ ਕਿਰਪਾਲ ਸਿੰਘ (ਗੁਰੂ ਕੇ ਬਾਗ, ਕਾਰ ਸੇਵਾ ਵਾਲੇ), ਬਾਬਾ ਸਤਨਾਮ ਸਿੰਘ ਮਹਾਂਪੁਰਸ਼, ਬਾਬਾ ਜੋਗਿੰਦਰ ਸਿੰਘ ਲੋਪੋਕਿਆਂ ਵਾਲੇ, ਬਾਬਾ ਭਜਨ ਸਿੰਘ, ਸਿੱਖ ਪ੍ਰਚਾਰਕ ਤੇ ਪੰਥਕ ਲੇਖਕ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ (ਪ੍ਰਧਾਨ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ) ਨੇ ਜਥੇ ਸਮੇਤ ਹਾਜ਼ਰੀ ਭਰੀ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਸਿੱਖ ਸੰਘਰਸ਼ ਅਤੇ ਸ਼ਹੀਦਾਂ ਸੰਬੰਧੀ ਵਿਚਾਰਾਂ ਕਰਕੇ ਸੰਗਤਾਂ ਨੂੰ ਹਲੂਣਿਆਂ ਅਤੇ ਸਿੱਖ ਸੰਘਰਸ਼ ਦੇ ਅਜੋਕੇ ਸ਼ਹੀਦਾਂ ਦੀ ਤੁਲਨਾ ਪੁਰਾਤਨ ਸ਼ਹੀਦਾਂ ਨਾਲ ਕਰਕੇ ਸ਼ਹੀਦਾਂ ਨੂੰ ਮਹਾਨ ਸਤਿਕਾਰ ਦਿੱਤਾ ਅਤੇ ਖ਼ਾਲਿਸਤਾਨ ਪ੍ਰਤੀ ਸ਼ੰਕੇ ਦੂਰ ਕਰਦਿਆਂ ਸੰਗਤਾਂ ਨੂੰ ਸੰਘਰਸ਼ਸ਼ੀਲ ਹੋਣ ਦਾ ਸੱਦਾ ਦਿੱਤਾ। ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਰਾਜਸਥਾਨ ਦੇ ਭਤੀਜੇ ਭਾਈ ਰਮਨਦੀਪ ਸਿੰਘ ਅਤੇ ਭਾਈ ਪੰਜਾਬ ਸਿੰਘ ਹੇਤਮਪੁਰਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਆਗੂਆਂ ਅਤੇ ਸੰਗਤਾਂ ਵੱਲੋਂ ਗੁਰਮਤਿ ਸਮਾਗਮ ਦੇ ਪ੍ਰਬੰਧਕਾਂ ਨੇ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਵਾਸਤੇ ਜੋ ਸੇਵਾਵਾਂ ਕੀਤੀਆਂ ਉਨਾਂ ਸੇਵਾਵਾਂ ਦੀ ਸ਼ਲਾਘਾ ਕੀਤੀ ਗਈ ਅਤੇ ਇਹਨਾਂ ਸੇਵਾਵਾਂ ਨੂੰ ਨਿਭਾਉਣ ਵਾਲੇ ਭਾਈ ਦਿਲਬਾਗ ਸਿੰਘ ਯੂਐਸਏ, ਭਾਈ ਹਰਪਾਲ ਸਿੰਘ ਫੌਜੀ, ਜਥੇਦਾਰ ਕੁਲਵੰਤ ਸਿੰਘ ਕੌਲੋਵਾਲ ਅਤੇ ਸਮੂਹ ਐਨ ਆਰ ਆਈ ਵੀਰਾਂ ਦਾ ਧੰਨਵਾਦ ਕੀਤਾ ਗਿਆ। ਗੁਰੂ ਕੇ ਅਤੁੱਟ ਲੰਗਰ ਵਰਤੇ, ਸਮਾਗਮ ਨੂੰ ਲਾਈਵ ਕਰਨ ਦੀ ਸੇਵਾ ਵਾਰਸ ਪੰਜਾਬ ਦੇ ਟੀ ਵੀ ਨੇ ਕੀਤੀ। ਭਾਈ ਮੇਜਰ ਸਿੰਘ, ਭਾਈ ਧਰਮਜੀਤ ਸਿੰਘ, ਭਾਈ ਜੰਗਜੀਤ ਸਿੰਘ ਅਤੇ ਭਾਈ ਸੁਰਿੰਦਰ ਸਿੰਘ ਇਟਲੀ ਵਾਲਿਆਂ ਨੇ ਵੀ ਅਹਿਮ ਸੇਵਾ ਨਿਭਾਈ। ਪ੍ਰਬੰਧਕਾਂ ਵੱਲੋਂ ਅਨੇਕਾਂ ਸ਼ਹੀਦਾਂ ਦੇ ਪਰਿਵਾਰਾਂ ਦਾ ਸਨਮਾਨ ਅਤੇ ਫੈਡਰੇਸ਼ਨ ਭਿੰਡਰਾਂਵਾਲਾ ਵੱਲੋਂ 2026 ਦਾ ਪੁਰਾਤਨ ਨਾਨਕਸ਼ਾਹੀ ਕੈਲੰਡਰ ਵੀ ਰਿਲੀਜ਼ ਕੀਤਾ ਗਿਆ। ਅਖੀਰ ਉੱਤੇ ਜਥੇਦਾਰ ਕੁਲਵੰਤ ਸਿੰਘ ਅਤੇ ਭਾਈ ਹਰਪਾਲ ਸਿੰਘ ਫੌਜੀ ਨੇ ਪ੍ਰਬੰਧਕਾਂ, ਆਗੂਆਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ। ਪਿੰਡ ਵਾਸੀਆਂ ਵੱਲੋਂ ਹੜ੍ਹ ਪੀੜਤਾਂ ਲਈ ਤਕਰੀਬਨ 11 ਲੱਖ ਰੁਪਏ ਦੀ ਖਾਦ ਅਤੇ ਚਾਰ ਲੱਖ ਰੁਪਏ ਦੀ ਸੇਵਾ ਕੀਤੀ ਗਈ। ਇਸ ਮੌਕੇ ਜਥੇਦਾਰ ਕੁਲਵੰਤ ਸਿੰਘ ਹੈਡ ਗ੍ਰੰਥੀ ਗੁਰਦੁਆਰਾ ਗੁਰੂਸਰ ਬਰਾੜ, ਬਾਬਾ ਨਿਰਵੈਲ ਸਿੰਘ, ਬਾਬਾ ਜੋਗਿੰਦਰ ਸਿੰਘ ਲੋਪੋਕੇ ਗੁਰਦੁਆਰਾ ਸ਼ਹੀਦਾਂ, ਭਾਈ ਨਿਸ਼ਾਨ ਸਿੰਘ, ਬਾਬਾ ਹਰਪਾਲ ਸਿੰਘ, ਮਲਕੀਤ ਸਿੰਘ ਯੂਐਸਏ ਨੇ ਵੀ ਸੇਵਾ ਨਿਭਾਈ ਅਤੇ ਇੰਸਪੈਕਟਰ ਪੰਜਾਬ ਸਿੰਘ ਨੇ ਵੱਡਾ ਸਹਿਯੋਗ ਦਿੱਤਾ। ਜ਼ਿਕਰਯੋਗ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨੇੜੇ ਸ਼੍ਰੋਮਣੀ ਕਮੇਟੀ ਅਤੇ ਦਮਦਮੀ ਟਕਸਾਲ ਵੱਲੋਂ ਬਣਾਈ ਗਈ ਸ਼ਹੀਦੀ ਗੈਲਰੀ ਤੋਂ ਪ੍ਰੇਰਿਤ ਹੋ ਕੇ ਪਿੰਡ ਕੌਲੋਵਾਲ ਦੇ ਇਸ ਗੁਰਦੁਆਰਾ ਸਾਹਿਬ ਵਿੱਚ ਵੀ ਸ਼ਹੀਦਾਂ ਦੀਆਂ ਤਸਵੀਰਾਂ ਲਗਾਈਆਂ ਗਈਆਂ ਜੋ ਸੰਗਤਾਂ ਲਈ ਖਿੱਚ ਦਾ ਕੇਂਦਰ ਬਣੀਆਂ ਰਹੀਆਂ।

# ਬਿਹਾਰ 'ਚ ਹਿੰਦੂਆਂ ਨੇ ਗੁਰਦੁਆਰੇ ਸਾੜੇ, ਸਿੱਖ ਮਾਰੇ, ਬੀਬੀਆਂ ਦੀ ਪੱਤ ਲੁੱਟੀ ?



ਭਾਰਤ ਦੇ ਬਿਹਾਰ ਸੂਬੇ ਦੀ ਰਾਜਧਾਨੀ ਪਟਨਾ ਸਾਹਿਬ 'ਚ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਹੋਇਆ ਸੀ ਤੇ ਇੱਥੇ ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਮੌਜੂਦ ਹੈ। ਇਸ ਸ਼ਹਿਰ ਨਾਲ ਸਿੱਖਾਂ ਦੀ ਖਾਸ ਸਾਂਝ ਹੈ ਤੇ ਇੱਥੇ ਅਨੇਕਾਂ ਇਤਿਹਾਸਕ ਗੁਰਦੁਆਰੇ ਹਨ। ਜੂਨ 1984 'ਚ ਸ੍ਰੀ ਦਰਬਾਰ ਸਾਹਿਬ ਉੱਤੇ ਹੋਏ ਹਮਲੇ ਦੀ ਮੁੱਖ ਦੋਸ਼ਣ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਜਦੋਂ ਇੱਕ ਨਵੰਬਰ 1984 ਨੂੰ ਭਾਰਤ ਭਰ ਵਿੱਚ ਸਿੱਖਾਂ ਦਾ ਕਤਲੇਆਮ ਸ਼ੁਰੂ ਹੋਇਆ ਤਾਂ ਬਿਹਾਰ ਵਿੱਚ ਵੀ ਫ਼ਿਰਕੂ ਹਿੰਦੁਤਵੀਆਂ ਨੇ ਥਾਂ-ਥਾਂ ਉੱਤੇ ਸਿੱਖਾਂ ਨੂੰ ਨਿਸ਼ਾਨਾ ਬਣਾਇਆ, ਹਿੰਦੂਆਂ ਨੇ ਸਿੱਖਾਂ ਦੇ ਗੁਰੂ-ਘਰ ਵੀ ਨਾ ਬਖਸ਼ੇ, ਸਿੱਖ ਬੀਬੀਆਂ ਦੀਆਂ ਇੱਜ਼ਤਾਂ ਰੋਲੀਆਂ, ਸਿੱਖਾਂ ਦੀਆਂ ਜਾਇਦਾਦਾਂ ਲੁੱਟੀਆਂ ਤੇ ਹਜ਼ਾਰਾਂ ਸਿੱਖ ਮਾਰ-ਖਪਾ ਦਿੱਤੇ, ਸਿੱਖ ਹੋਣਾ ਹੀ ਸਿੱਖਾਂ ਲਈ ਜੁਰਮ ਬਣ ਗਿਆ। ?ਉਸ ਸਮੇਂ ਹਿੰਦੂ ਭੀੜਾਂ ਜੋ ਤਖਤ ਸ੍ਰੀ ਪਟਨਾ ਸਾਹਿਬ ਵਿਖੇ ਵੀ ਹਮਲਾ ਕਰਨ ਪਹੁੰਚੀਆਂ, ਪਰ ਅੱਗੋਂ ਸੇਵਾਦਾਰਾਂ ਤੇ ਸੰਗਤਾਂ ਨੇ ਮੁਕਾਬਲਾ ਕਰਕੇ ਉਹਨਾਂ ਨੂੰ ਭਜਾ ਦਿੱਤਾ। ਫਿਰ ਹਿੰਦੂ ਭੀੜਾਂ ਨੇ ਗੁਰਦੁਆਰਾ ਗਊ ਘਾਟ 'ਤੇ ਹਮਲਾ ਕਰਕੇ ਇਤਿਹਾਸਕ ਅਤੇ ਕੀਮਤੀ ਨਿਸ਼ਾਨੀਆਂ ਸਾੜ ਦਿੱਤੀਆਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇੱਕ ਹੱਥ ਲਿਖਤ ਸਰੂਪ (ਜਿਸ ਉੱਪਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਸਤਖਤ ਸਨ) ਨੂੰ ਅੱਗ ਲਾ ਦਿੱਤੀ। ਸੇਵਾਦਾਰ ਬੇਲਾ ਸਿੰਘ ਨੂੰ ਰਿਕਸ਼ੇ ਨਾਲ਼ ਬੰਨ੍ਹ ਕੇ ਘੜੀਸਿਆ, ਫਿਰ ਪੱਥਰ ਮਾਰ-ਮਾਰ ਕੇ ਸ਼ਹੀਦ ਕਰ ਦਿੱਤਾ। ਇਕ ਫੌਜੀ ਸਿੰਘ ਨੂੰ ਵੀ ਕਤਲ ਕਰਕੇ ਉਸ ਦੀ ਲਾਸ਼ ਗਾਇਬ ਕਰ ਦਿੱਤੀ। ਪਟਨਾ ਸਾਹਿਬ ਵਿੱਚ ਕਈ ਸਿੱਖਾਂ ਦੇ ਘਰਾਂ ਨੂੰ ਅੱਗ ਲਾਈ, ਦੁਕਾਨਾਂ ਲੁੱਟੀਆਂ ਤੇ ਕਈ ਸਿੱਖ ਗਾਇਬ ਕਰ ਦਿੱਤੇ ਤੇ ਅਨੇਕਾਂ ਗੁਰਦੁਆਰੇ ਸਾੜੇ ਗਏ। ?ਹਿੰਦੂ ਕਾਤਲ ਭੀੜਾਂ ਨੇ ਹਜ਼ਾਰੀ ਬਾਗ ਵਿੱਚ ਸਰਕਾਰੀ ਸ਼ਿਹ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਬੇਅਦਬੀ ਕੀਤੀ ਤੇ ਪੈਟਰੋਲ ਛਿੜਕ ਕੇ ਅੱਗ ਲਾ ਦਿੱਤੀ ਤੇ ਰਾਮਗੜ੍ਹ ਕੈਂਟ ਵਿੱਚ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਕਰਕੇ ਲਾਸ਼ਾਂ ਖੁਰਦ-ਬੁਰਦ ਕਰ ਦਿੱਤੀਆਂ। ਕਿਸੇ ਵੀ ਸਿਆਸੀ ਆਗੂ ਤੇ ਪੁਲਿਸ ਨੇ ਸਿੱਖਾਂ ਦੀ ਸਹਾਇਤਾ ਨਾ ਕੀਤੀ, ਹਰ ਹਿੰਦੂ ਸਿੱਖਾਂ ਦਾ ਵੈਰੀ ਬਣ ਗਿਆ। ?ਡਾਲਟਨ ਗੰਜ ਵਿਖੇ ਹਿੰਦੂ ਭੀੜਾਂ ਅਤੇ ਪੁਲਿਸ ਨੇ ਮਿਲ ਕੇ 60 ਦੇ ਕਰੀਬ ਸਿੱਖ ਫ਼ੌਜੀ ਕੋਹ-ਕੋਹ ਕੇ ਮਾਰ ਦਿੱਤੇ ਜਿਨ੍ਹਾਂ ਵਿੱਚ ਪ੍ਰਗਟ ਸਿੰਘ ਸਿਪਾਹੀ (ਵੜਿੰਗ ਮੋਹਨਪੁਰ, ਤਰਨ ਤਾਰਨ), ਬਲਬੀਰ ਸਿੰਘ ਨਾਇਕ (ਮਾਲ ਖੇੜਾ, ਬਠਿੰਡਾ), ਨਛੱਤਰ ਸਿੰਘ ਨਾਇਕ (ਕੋਠੇ ਕਲਾਂ ਮੇਘਾ, ਫਰੀਦਕੋਟ), ਕਰਤਾਰ ਸਿੰਘ (ਨਾਰਦਨ ਰੇਲਵੇ ਹੈੱਡਕਵਾਟਰ, ਨਵੀਂ ਦਿੱਲੀ), ਸੁਖਦੇਵ ਸਿੰਘ (ਡਾਲਟਨਗੰਜ) ਆਦਿ ਸਨ। ਇਹ ਸਾਰੇ ਫ਼ੌਜੀ ਜੋ ਛੁੱਟੀਆਂ 'ਤੇ ਜਾ ਰਹੇ ਸਨ ਤੇ ਇਹਨਾਂ ਨੂੰ ਰੇਲ ਗੱਡੀ ਵਿੱਚੋਂ ਲਾਹ ਕੇ ਸਿੱਖ ਹੋਣ ਕਰਕੇ ਸ਼ਹੀਦ ਕਰ ਦਿੱਤਾ ਗਿਆ। ਅਕ੍ਰਿਤਘਣ ਹਿੰਦੂਆਂ ਨੇ ਇਨ੍ਹਾਂ ਸਿੱਖ ਫ਼ੌਜੀਆਂ ਨੂੰ ਵੀ ਨਾ ਬਖਸ਼ਿਆ ਜੋ ਭਾਰਤ ਦੀ ਰਾਖੀ ਲਈ ਸਰਹੱਦਾਂ ਉੱਤੇ ਹਿੱਕਾਂ ਡਾਹ ਕੇ ਲੜਦੇ ਸਨ। ?ਧੰਨਬਾਦ ਵਿੱਚ ਪਾਠੀ ਨੂੰ ਕੁੱਟ ਕੇ ਸਾੜਿਆ, ਇੱਕ ਪਰਿਵਾਰ ਦੇ ਤਿੰਨੇ ਮੈਂਬਰ ਜਿਉਂਦੇ ਸਾੜੇ ਗਏ, ਜਗਜੀਤ ਸਿੰਘ ਤੇ ਉਸ ਦਾ ਪਰਿਵਾਰ ਬਰੂਦ ਨਾਲ ਬੰਨ੍ਹ ਕੇ ਉਡਾ ਦਿੱਤਾ ਗਿਆ, ਉਸ ਪਰਿਵਾਰ ਦੀ ਲੜਕੀ ਅਤੇ ਨੂੰਹ ਨਾਲ਼ ਬਲਾਤਕਾਰ ਕਰਨ ਪਿੱਛੋਂ ਉਹਨਾਂ ਨੂੰ ਵੀ ਮਾਰ ਦਿੱਤਾ ਗਿਆ। ਨਰਿੰਦਰ ਪਾਲ ਸਿੰਘ ਨੂੰ ਪੱਥਰ ਮਾਰ-ਮਾਰ ਕੇ ਖਤਮ ਕੀਤਾ ਗਿਆ। ?ਟਰਾਂਸਪੋਰਟ ਊਧਮ ਸਿੰਘ ਤੇ ਮਦਨ ਸਿੰਘ ਕਤਰਾਸਗੜ, ਟਰੱਕ ਡਰਾਈਵਰ ਜਸਪਾਲ ਸਿੰਘ ਨੂੰ ਗੋਲੀਆਂ ਮਾਰ ਕੇ ਕਤਲ ਕੀਤਾ ਗਿਆ। ਟਰੱਕ ਡਰਾਈਵਰ ਤਾਰਨ ਸਿੰਘ (ਸਾਬਕਾ ਫੌਜੀ) ਨੂੰ ਵੀ ਕੁੱਟ-ਕੁੱਟ ਕੇ ਮਾਰਿਆ ਗਿਆ। ਇਹਨਾਂ ਸਾਰੀਆਂ ਘਟਨਾਵਾਂ ਦੌਰਾਨ ਪੁਲਿਸ ਤਮਾਸ਼ਾ ਵੇਖਦੀ ਰਹੀ ਤੇ ਹਿੰਦੂ ਭੀੜਾਂ ਨੂੰ ਹਰ ਪ੍ਰਕਾਰ ਸਹਾਇਤਾ ਅਤੇ ਸ਼ਿਹ ਦਿੰਦੀ ਰਹੀ। ?ਬੋਕਾਰੋ ਸ਼ਹਿਰ ਵਿੱਚ ਵੀ ਤਿੰਨ ਗੁਰਦੁਆਰੇ ਸਿੰਘ ਸਭਾ, ਨਾਨਕ ਨਗਰ ਤੇ ਲੱਕੜ ਖੰਡਾ ਅੱਗ ਲਾ ਕੇ ਸਾੜ ਦਿੱਤੇ। ਕਾਤਲ ਭੀੜ ਦੇ ਕੋਲ ਬਰਛੇ, ਪੈਟਰੋਲ ਅਤੇ ਵਿਸ਼ੇਸ਼ ਕਿਸਮ ਦਾ ਪਾਊਡਰ ਸੀ। ਸਿੱਖ ਲੜਕੀਆਂ ਦੇ ਨਾਲ ਬਲਾਤਕਾਰ ਕੀਤੇ ਗਏ ਤੇ ਕਈ ਬੀਬੀਆਂ ਕਤਲ ਕਰਕੇ ਲਾਸ਼ਾਂ ਖਪਾ ਦਿੱਤੀਆਂ ਗਈਆਂ। ਜਿਨ੍ਹਾਂ ਸਿੱਖਾਂ ਨੇ ਸ਼ਸਤਰਾਂ ਨਾਲ ਆਪਣੀ ਰਾਖੀ ਕਰਨੀ ਰਾਹੀ ਉਹ ਪੁਲਿਸ ਨੇ ਗ੍ਰਿਫ਼ਤਾਰ ਕਰਕੇ ਜੇਲ ਭੇਜ ਦਿੱਤੇ। ਸਿੱਖਾਂ ਦੀਆਂ ਦੁਕਾਨਾਂ ਦੀ ਨਿਸ਼ਾਨਦੇਹੀ ਕਰਕੇ ਸਮਾਨ ਲੁੱਟ ਲਿਆ ਗਿਆ ਤੇ ਬੋਕਾਰੋ ਵਿੱਚ ਹਜ਼ਾਰਾਂ ਹੀ ਸਿੱਖ ਤਿੰਨ ਦਿਨਾਂ ਵਿੱਚ ਕਤਲ ਕੀਤੇ ਗਏ, ਦਿੱਲੀ ਵਾਂਗ ਇੱਥੇ ਵੀ ਸਿੱਖਾਂ ਨੂੰ ਸਭ ਤੋਂ ਵੱਧ ਜਾਨੀ ਅਤੇ ਮਾਲੀ ਨੁਕਸਾਨ ਝੱਲਣਾ ਪਿਆ। ?ਹਿੰਦੂ ਗੁੰਡਿਆਂ ਨੇ ਸੁਲੱਖਣ ਸਿੰਘ ਦੀਆਂ ਪਹਿਲਾਂ ਚਾਕੂ ਨਾਲ ਅੱਖਾਂ ਕੱਢੀਆਂ, ਫਿਰ ਪੈਟਰੋਲ ਛਿੜਕ ਕੇ ਅੱਗ ਲਾ ਦਿੱਤੀ। ਕਈ ਸਿੰਘਾਂ ਨੂੰ ਗੋਲੀਆਂ ਮਾਰ ਕੇ ਸ਼ਹੀਦ ਕੀਤਾ ਗਿਆ, ਸਿੱਖਾਂ ਦੀਆਂ ਲੜਕੀਆਂ ਦੀ ਇੱਜ਼ਤ ਲੁੱਟੀ, ਫਿਰ ਉਹਨਾਂ ਨੂੰ ਵੀ ਕਤਲ ਕਰ ਦਿੱਤਾ। ਬੋਕਾਰੋ ਦੇ ਬਰਗੂ ਵਿੱਚ ਜਦੋਂ ਦੋ ਸਿੰਘਾਂ ਨੇ ਹਿੰਦੂ ਭੀੜਾਂ ਦਾ ਮੁਕਾਬਲਾ ਕੀਤਾ ਤਾਂ ਪੁਲਿਸ ਨੇ ਉਹਨਾਂ ਨੂੰ ਫੜ ਕੇ ਜੇਲ੍ਹ ਭੇਜ ਦਿੱਤਾ। ?ਹਿੰਦੂਆਂ ਨੂੰ ਬਿਹਾਰ ਵਿੱਚ ਜਿੱਥੇ ਵੀ ਕਿਤੇ ਕੋਈ ਸਿੱਖ ਮਿਲ ਜਾਂਦਾ ਤਾਂ ਉਸੇ ਸਮੇਂ ਉਸ ਉੱਤੇ ਹਮਲਾ ਕਰਕੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ। ਸਿੱਖਾਂ ਦੇ ਘਰਾਂ ਉੱਤੇ ਅੱਗ ਦੀਆਂ ਲਪਟਾਂ ਹੀ ਲਪਟਾਂ ਦਿਸ ਰਹੀਆਂ ਸਨ। ਘਰਾਂ-ਬਜ਼ਾਰਾਂ ਵਿੱਚ ਕਈ ਸਿੱਖ ਔਰਤਾਂ ਨੂੰ ਨਗਨ ਕੀਤਾ ਗਿਆ, ਉਹਨਾਂ ਨਾਲ ਜੋ ਬੀਤੀ ਉਹ ਕਹਿਆ-ਸੁਣਿਆ ਨਹੀਂ ਜਾ ਸਕਦਾ। ਲਿਖਣ ਲੱਗਿਆਂ ਹੱਥ ਕੰਬਦੇ ਹਨ। ਗੁਰਦੁਆਰਿਆਂ ਦੇ ਪਾਠੀ ਸਿੰਘਾਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਵੀ ਖ਼ੌਫ਼ਨਾਕ ਤਸੀਹੇ ਦਿੱਤੇ ਗਏ। ਹਿੰਦੂ ਦੁਕਾਨਦਾਰਾਂ ਨੇ ਸਿੱਖ ਦੁਕਾਨਦਾਰਾਂ ਦੀਆਂ ਦੁਕਾਨਾਂ ਦਾ ਸਾਰਾ ਸਮਾਨ ਜਬਤ ਕਰ ਲਿਆ ਤੇ ਫਿਰ ਦੁਕਾਨਾਂ ਨੂੰ ਅੱਗ ਲਾ ਦਿੱਤੀ। ਜਿਸ ਬਸ, ਟਰੱਕ ਤੇ ਗੱਡੀ ਉੱਤੇ ਵੀ ਸਿੱਖ ਗੁਰੂਆਂ ਦੀ ਤਸਵੀਰ ਜਾਂ ਕੋਈ ਸਿੱਖੀ ਨਿਸ਼ਾਨ ਨਜ਼ਰ ਆ ਜਾਂਦਾ ਤਾਂ ਉਸ ਨੂੰ ਵੀ ਤੋੜ ਕੇ ਅੱਗ ਲਾ ਦਿੱਤੀ ਜਾਂਦੀ। ?ਬਿਹਾਰ ਵਿੱਚ ਵੱਸਦੇ ਬਹੁਤਾਂਤ ਸਿੱਖ ਜਾਂ ਤਾਂ ਮਾਰ ਦਿੱਤੇ ਗਏ, ਜਾਂ ਕਈਆਂ ਨੇ ਕੇਸ ਕਤਲ ਕਰਵਾ ਕੇ ਤੇ ਕਈਆਂ ਨੇ ਲੁਕ-ਛਿਪ ਕੇ ਆਪਣੀ ਜਾਨ ਬਚਾਈ ਤੇ, ਸਿੱਖਾਂ ਨੇ ਕਈ ਮਹੀਨੇ ਸਹਿਮ ਵਿੱਚ ਹੀ ਕੱਟੇ ਤੇ ਹਿੰਦੂ ਉਹਨਾਂ ਵੱਲ ਵੇਖ ਕੇ ਹੱਸਦੇ ਰਹੇ। ਇਹੀ ਕੁਝ ਸਿੱਖਾਂ ਨਾਲ ਹੋਰਾਂ ਸੂਬਿਆਂ ਦੇ ਵਿੱਚ ਹੋਇਆ ਤੇ ਸਿੱਖਾਂ ਉੱਤੇ ਕੀਤੇ ਗਏ ਹਿੰਦੂਆਂ ਦੇ ਜ਼ੁਲਮਾਂ ਨੇ ਤਾਂ ਮੁਗਲਾਂ ਦੇ ਜ਼ੁਲਮਾਂ ਨੂੰ ਵੀ ਮਾਤ ਪਾ ਦਿੱਤੀ।

**-ਰਣਜੀਤ ਸਿੰਘ ਦਮਦਮੀ ਟਕਸਾਲ ?ਪ੍ਰਧਾਨ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ) ?ਮੋ**

: 8872293883

# ਇੱਕ ਨਜ਼ਰ ...



## ਅਕਾਲੀ ਆਗੂ ਸੁਖਰਾਜ ਸਿੰਘ ਮੁੱਛਲ ਦੇ ਪਿਤਾ ਸਰਦਾਰ ਨਾਹਰ ਸਿੰਘ ਦੀ ਮੌਤ ਦਾ ਅਫਸੋਸ ਕਰਨ ਲਈ ਪਹੁੰਚੇ ਵਿਧਾਇਕ ਗੁਨੀਵ ਮਜੀਠੀਆ

ਜੰਡਿਆਲਾ ਗੁਰੂ, 1 ਨਵੰਬਰ ( ਕੁਲਵੰਤ ਸਿੰਘ ਵਿਰਦੀ ) ਮਜੀਠੀਆ ਪਰਿਵਾਰ ਅਕਾਲੀ ਵਰਕਰਾਂ ਦੇ ਹਰ ਦੁੱਖ ਸੁੱਖ ਵਿੱਚ ਸ਼ਾਮਿਲ ਹੁੰਦਾ ਹੈ ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਵਿਧਾਇਕ ਗਨੀਵ ਕੌਰ ਮਜੀਠੀਆ ਨੇ ਪਿੰਡ ਮੁੱਛਲ ਵਿਖੇ ਅਕਾਲੀ ਆਗੂ ਸੁਖਰਾਜ ਸਿੰਘ ਦੀ ਪਿਤਾ ਸਰਦਾਰ ਨਾਹਰ ਸਿੰਘ ਜੋ ਪਿਛਲੇ ਦਿਨੀ ਅਕਾਲ ਚਲਾਣਾ ਕਰ ਗਏ ਸਨ ਪਰਿਵਾਰ ਨਾਲ ਅਫਸੋਸ ਪ੍ਰਗਟ ਕਰਦਿਆਂ ਕਿਹਾ ਕਿ ਕੁਝ ਜਰੂਰੀ ਰੁਝੇਵਿਆਂ ਕਾਰਨ ਅੰਤਿਮ ਅਰਦਾਸ ਸਮੇ ਨਹੀਂ ਪਹੁੰਚ ਸਕੇ ਨਾਹਰ ਸਿੰਘ ਦੀ ਅਚਾਨਕ ਮੌਤ ਹੋਣ ਕਾਰਨ ਪਰਿਵਾਰ ਅਤੇ ਪਾਰਟੀ ਨੂੰ ਕਦੇ ਵੀ ਨਾ ਪੂਰਾ ਨਾਲ ਘਾਟਾ ਪਿਆ। ਇਸ ਸਮੇਂ ਪ੍ਰਮੁੱਖ ਆਗੂ ਸਾਬਕਾ ਚੇਅਰਮੈਨ ਸੁਖਵਿੰਦਰ ਸਿੰਘ ਗੋਲਡੀ ਪ੍ਰਭ ਦਿਆਲ ਸਿੰਘ ਸਰਜਾ ਤੇਜਿੰਦਰ ਸਿੰਘ ਬੇਰੀਆਂਵਾਲਾ ਗੁਰਭੇਸ਼ ਸਿੰਘ ਜੱਬੋਵਾਲ ਸੁਖਵਿੰਦਰ ਸਿੰਘ ਸੰਗਰਾਵਾਂ ਸੁਖਵਿੰਦਰ ਸਿੰਘ ਢਿੱਲੋ ਰਣਜੀਤ ਸਿੰਘ ਰਜੀ ਜਗੀਰ ਸਿੰਘ ਮੈਂਬਰ ਰਾਜਕੁਮਾਰ ਰਾਮ ਲੁਭਾਇਆ ਸਤਨਾਮ ਸਿੰਘ ਸੁਖਦੇਵ ਸਿੰਘ ਗੁਰਪ੍ਰੀਤ ਸਿੰਘ ਕੋਟਲਾ ਬਖਤਾਵਰ ਸਿੰਘ ਨੰਬਰਦਾਰ ਗੁਰਜੰਟ ਸਿੰਘ ਟਾਂਗਰਾ ਸਾਬਕਾ ਸੰਮਤੀ ਮੈਂਬਰ ਧਰਮ ਸਿੰਘ ਗੋਰਾ ਤਲਬੀਰ ਸਿੰਘ ਧਰਦੇਓ ਮਾਸਟਰ ਬਲਜਿੰਦਰ ਸਿੰਘ ਬੁੱਟਰ ਪਰਮਜੀਤ ਸਿੰਘ ਭੱਟੀ ਕੇ ਬਲਜਿੰਦਰ ਸਿੰਘ ਲਾਡੀ ਮਹਿਤਾ ਬਲਕਾਰ ਸਿੰਘ ਫੌਜੀ ਆਦਿ ਹਾਜ਼ਰ ਸਨ ।

## ਖਾਲਸਾ ਸਕੂਲ ਤਲਵੰਡੀ ਸਾਬੋ ਵਿਖੇ ਤੰਬਾਕੂ ਵਿਰੋਧੀ ਜਾਗਰੂਕਤਾ ਲੈਕਚਰ ਤੇ ਰੈਲੀ ਦਾ ਆਯੋਜਨ



ਤਲਵੰਡੀ ਸਾਬੋ, 1 ਨਵੰਬਰ (ਗੁਰਜੰਟ ਸਿੰਘ ਨਥੇਹਾ)- ਸਿਹਤ ਵਿਭਾਗ ਪੰਜਾਬ ਦੇ ਹੁਕਮਾਂ ਅਨੁਸਾਰ ਤੇ ਸਿਵਲ ਸਰਜਨ ਬਠਿੰਡਾ ਡਾ. ਤੁਪਿੰਦਰਜੋਤ ਕੌਸ਼ਲ ਦੀ ਦਿਸ਼ਾ ਨਿਰਦੇਸ਼ਨਾ ਹੇਠ, ਸੀਨੀਅਰ ਮੈਡੀਕਲ ਅਫਸਰ ਡਾ. ਰਵੀ ਕਾਂਤ ਗੁਪਤਾ ਦੀ ਅਗਵਾਈ ਹੇਠ ਖਾਲਸਾ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਤਲਵੰਡੀ ਸਾਬੋ ਵਿਖੇ ਤੰਬਾਕੂ ਵਿਰੋਧੀ ਜਾਗਰੂਕਤਾ ਲੈਕਚਰ ਤੇ ਰੈਲੀ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਬਲਾਕ ਐਜੂਕੇਟਰ ਗੁਰਸਿਮਰਤ ਕੌਰ ਵੱਲੋਂ ਵਿਦਿਆਰਥੀਆਂ ਨੂੰ ਕੋਟਪਾ ਐਕਟ ਬਾਰੇ ਜਾਣੂ ਕਰਵਾਇਆ ਗਿਆ ਅਤੇ ਤੰਬਾਕੂ ਉਤਪਾਦਾਂ ਦੇ ਸੇਵਨ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਗਿਆ। ਉਨ੍ਹਾਂ ਨੇ ਦੱਸਿਆ ਕਿ ਤੰਬਾਕੂ ਸਿਹਤ ਲਈ ਬਹੁਤ ਹੀ ਨੁਕਸਾਨਦਾਇਕ ਹੈ ਅਤੇ ਇਸ ਨਾਲ ਕਈ ਤਰ੍ਹਾਂ ਦੀਆਂ ਬਿਮਾਰੀਆਂ ਪੈਦਾ ਹੁੰਦੀਆਂ ਹਨ। ਇਸ ਪ੍ਰੋਗਰਾਮ ਰਾਹੀਂ ਵਿਦਿਆਰਥੀਆਂ ਨੂੰ ਤੰਬਾਕੂ ਮੁਕਤ ਜੀਵਨ ਜਿਉਣ ਦਾ ਸੁਨੇਹਾ ਦਿੱਤਾ ਗਿਆ ਤੇ ਸਮਾਜ ਵਿੱਚ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਸੀਐਚਓ ਰਮਨਦੀਪ ਕੌਰ, ਰੁਪਿੰਦਰ ਕੌਰ, ਐਮ.ਪੀ.ਐਚ.ਡਬਲਿਊ. ਅਮਨਦੀਪ ਸਿੰਘ, ਹਰਪਾਲ ਸਿੰਘ ਅਤੇ ਗੁਰਸੇਵਕ ਸਿੰਘ ਵੀ ਹਾਜ਼ਰ ਸਨ।

## ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ’ਤੇ ਗੁਰਦੁਆਰਾ ਬੰਗਲਾ ਸਾਹਿਬ ਦੇ ਸਰੋਵਰ ’ਤੇ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਸਿੱਖ ਸਾਹਿਤ ਅਤੇ ਚਿੱਤਰਾਂ ਦੀ ਪ੍ਰਦਰਸ਼ਨੀ ਸ਼ੁਰੂ




ਨਵੀਂ ਦਿੱਲੀ, 1 ਨਵੰਬਰ (ਮਨਪ੍ਰੀਤ ਸਿੰਘ ਖਾਲਸਾ):- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋ ਹਰ ਸਾਲ ਦੀ ਤਰ੍ਹਾਂ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ’ਤੇ ਗੁਰਦੁਆਰਾ ਬੰਗਲਾ ਸਾਹਿਬ ਜੀ ਦੇ ਸਰੋਵਰ ’ਤੇ ਸਿੱਖ ਸਾਹਿਬ ਅਤੇ ਚਿੱਤਰਾਂ ਦੀ ਪ੍ਰਦਰਸ਼ਨੀ ਅੱਜ ਸ਼ੁਰੂ ਹੋ ਗਈ। ਇਸ ਮੌਕੇ ਗੁਰਦੁਆਰਾ ਬੰਗਲਾ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਰਣਜੀਤ ਸਿੰਘ ਨੇ ਅਰਦਾਸ ਕੀਤੀ ਜਿਸ ਉਪਰੰਤ ਪ੍ਰਦਰਸ਼ਨੀ ਸ਼ੁਰੂ ਹੋਈ। ਇਸ ਬਾਰੇ ਜਾਣਕਾਰੀ ਦਿੰਦਿਆਂ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ, ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਅਤੇ ਧਰਮ ਪ੍ਰਚਾਰ ਚੈਅਰਮੈਨ ਜਸਪ੍ਰੀਤ ਸਿੰਘ ਕਰਮਸਰ ਨੇ ਦੱਸਿਆ ਕਿ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਗੁਰਦੁਆਰਾ ਬੰਗਲਾ ਸਾਹਿਬ ਦੇ ਕੰਢੇ ਹਰ ਸਾਲ ਗੁਰਪੁਰਬ ਮੌਕੇ ਇਹ ਪ੍ਰਦਰਸ਼ਨੀ ਲਗਾਈ ਜਾਂਦੀ ਹੈ ਜਿਸਦਾ ਮਕਸਦ ਇਹ ਹੈ ਕਿ ਸਿੱਖ ਸੰਗਤ ਖਾਸ ਤੌਰ ’ਤੇ ਸਿੱਖ ਵਿਦਿਆਰਥੀ ਆਪਣੇ ਸਾਹਿਤ ਤੇ ਅਮੀਰ ਵਿਰਸੇ ਤੋਂ ਜਾਣੂ ਹੋ ਸਕਣ। ਉਹਨਾਂ ਕਿਹਾ ਕਿ ਇਸ ਪ੍ਰਦਰਸ਼ਨੀ ਵਿਚ ਵਿਸ਼ਵ ਪੱਧਰ ’ਤੇ ਪਬਲੀਸ਼ਰਾਂ ਦੀਆਂ ਕਿਤਾਬਾਂ ਪ੍ਰਦਰਸ਼ਨੀ ਵਿਚ ਸ਼ਾਮਲ ਕੀਤੀਆਂ ਗਈਆਂ ਹਨ। ਉਹਨਾਂ ਦੱਸਿਆ ਕਿ ਹਰ ਸਾਲ ਲੱਖਾਂ ਰੁਪਏ ਮੁੱਲ ਦੀਆਂ ਪੁਸਤਕਾਂ ਸਾਹਿਤ ਦੇ ਚਾਹਵਾਨਾਂ ਵੱਲੋਂ ਇਥੇ ਲਈਆਂ ਜਾਂਦੀਆਂ ਹਨ ਤੇ ਅੱਗੇ ਸਿੱਖ ਸੰਗਤ ਵਿਚ ਵੀ ਵੰਡੀਆਂ ਜਾਂਦੀਆਂ ਹਨ। ਉਹਨਾਂ ਆਸ ਪ੍ਰਗਟ ਕੀਤੀ ਕਿ ਸੰਗਤਾਂ ਇਸ ਪ੍ਰਦਰਸ਼ਨੀ ਨੂੰ ਵੀ ਹਰ ਸਾਲ ਵਾਂਗੂ ਵੱਧ ਤੋਂ ਵੱਧ ਹੁੰਗਾਰਾ ਦੇਣਗੀਆਂ।

# ਸੈਂਟ ਸੋਲਜਰ ਸਕੂਲ ਵਿੱਚ ਵਰਲਡ ਫੂਡ ਡੇ ਮਨਾਇਆ ਗਿਆ





### ਵੱਖ ਵੱਖ ਸਟੇਟਾਂ ਦਾ ਭੋਜਨ ਸਾਨੂੰ ਸੱਭਿਆਚਾਰ ਨਾਲ ਜੋੜਦਾ ਤੇ ਸਭ ਨੂੰ ਇਕੱਠੇ ਕਰਦਾ ਡਾ: ਮੰਗਲ ਸਿੰਘ ਕਿਸ਼ਨਪੁਰੀ

ਜੰਡਿਆਲਾ ਗੁਰੂ, 1 ਨਵੰਬਰ ( ਕੁਲਵੰਤ ਸਿੰਘ ਵਿਰਦੀ )- ਸੇਂਟ ਸੋਲਜਰ ਸਕੂਲ ਵਿੱਚ ਵਰਲਡ ਫੂਡ ਡੇ ਮਨਾਇਆ ਗਿਆ। ਜਿਸ ਵਿੱਚ ਪਲੇ ਪੈਨ ਤੋਂ ਲੈ ਕੇ ਪੰਜਵੀਂ ਕਲਾਸ ਤੱਕ ਦੇ ਬੱਚਿਆਂ ਦੇ ਵੱਖ ਵੱਖ ਪਕਵਾਨਾਂ ਨਾਲ ਸੱਜੀਆਂ ਥਾਲੀਆਂ ਦੇ ਮੁਕਾਬਲੇ ਕਰਵਾਏ ਗਏ ।ਇਸ ਮੌਕੇ ਤੇ ਸਾਰੇ ਬੱਚੇ ਆਪਣੇ ਆਪਣੇ ਘਰਾਂ ਤੋਂ ਸਪੈਸ਼ਲ ਖਾਣਾ ਅਤੇ ਅਲੱਗ ਅਲੱਗ ਤਰ੍ਹਾਂ ਦੇ ਪਕਵਾਨ ਸਜਾ ਕੇ ਲਿਆਏ । ਜਿਨਾਂ ਵਿੱਚ ਗੁਜਰਾਤੀ ਮਰਾਠੀ ਹਰਿਆਣਵੀ ਸਾਊਥ ਦੀਆਂ ਅਤੇ ਹੋਰ ਸਾਰੀਆਂ ਸਟੇਟਾਂ ਦੇ ਪਕਵਾਨ ਮੌਜੂਦ ਸਨ। ਪਲੇ ਪੈਨ ਕਲਾਸ ਦੇ ਮੁਕਾਬਲੇ ਵਿੱਚ ਗੁਰਸਾਂਝ ਸਿੰਘ ਫਸਟ, ਗੁਰ ਸ਼ਬਦ ਸਿੰਘ ਸੈਕਿੰਡ, ਅਨੀਕਾ ਅਤੇ ਗੁਰਵੀਨ ਨੇ ਥਰਡ ਪੁਜੀਸ਼ਨ ਹਾਸਲ ਕੀਤੀ। ਇਸੇ ਤਰ੍ਹਾਂ ਐਲਕੇਜੀ ਕਲਾਸ ਦੇ ਮੁਕਾਬਲੇ ਵਿੱਚ ਪ੍ਰਤੀਕ ਐਲਕੇਜੀ ਏ ਫਸਟ, ਅਮਾਨਤ ਦੀਪ ਕੌਰ ਐਲਕੇਜੀ ਸੀ ਸੈਕਿੰਡ ਅਤੇ ਰਹਿਮਤ ਕੌਰ ਅਤੇ ਸੁਖਮਨੀਨ ਕੌਰ ਐਲਕੇਜੀ ਬੀ ਨੇ ਤੀਸਰੀ ਪੁਜੀਸ਼ਨ ਹਾਸਲ ਕੀਤੀ। ਇਸੇ ਤਰ੍ਹਾਂ ਯੂਕੇਜੀ ਮੁਕਾਬਲੇ ਵਿੱਚ ਪਦਮਜੋਤ ਸਿੰਘ ਯੂਕੇਜੀ ਏ ਫਸਟ ,ਅਵਲੀਨ ਕੌਰ ਯੂਕੇਜੀ ਏ ਸੈਕਿੰਡ ਅਤੇ ਮੈਥਲੀ ਯੂਕੇਜੀ ਸੀ ਨੇ ਤੀਸਰੀ ਪੋਜੀਸ਼ਨ ਹਾਸਲ ਕੀਤੀ। ਪਹਿਲੀ ਕਲਾਸ ਦੇ ਮੁਕਾਬਲਿਆਂ ਵਿੱਚ ਯੁਗ ਵਿਸ਼ਾਲ ਫਸਟ ਏ ਪਹਿਲੀ ਪਜੀਸ਼ਨ ,ਆਦਵਿਕ ਸ਼ਰਮਾ ਫਸਟ ਏ ਦੂਸਰੀ ਪੁਜੀਸ਼ਨ ,ਅਤੇ ਦਿਵਿਆਸ਼ੂ ਫਸਟ ਈ ਨੇ ਤੀਸਰੀ ਪੋਜੀਸ਼ਨ ਹਾਸਿਲ ਕੀਤੀ। ਦੂਸਰੀ ਕਲਾਸ ਦੇ ਮੁਕਾਬਲਿਆਂ ਵਿੱਚ ਰੋਸ਼ਿਕਾ ਸੈਕਿੰਡ ਏ ਫਸਟ ਪੁਜ਼ੀਸ਼ਨ, ਗੁਰੂ ਮੰਨਤ ਕੌਰ ਸੈਕਿੰਡ ਡੀ ਸੈਕਿੰਡ ਪੁਜੀਸ਼ਨ, ਅਲੀਜਾ ਸੈਕਿੰਡ ਈ ਨੇ ਤੀਸਰੀ ਪੁਜੀਸ਼ਨ ਹਾਸਲ ਕੀਤੀ। ਇਸੇ ਤਰ੍ਹਾਂ ਤੀਸਰੀ ਕਲਾਸ ਤੋਂ ਲੈ ਕੇ ਪੰਜਵੀਂ ਕਲਾਸ ਤੱਕ ਦੇ ਮੁਕਾਬਲਿਆਂ ਵਿੱਚ ਤੀਸਰੀ ਏ ਕਲਾਸ ਨੇ ਪਹਿਲੀ ਪੁਜੀਸ਼ਨ, ਚੌਥੀ ਡੀ ਕਲਾਸ ਦੂਸਰੀ ਪੁਜੀਸ਼ਨ, ਚੌਥੀ ਏ ਅਤੇ ਪੰਜਵੀਂ ਸੀ ਕਲਾਸ ਨੇ ਤੀਸਰੀ ਪੋਜੀਸ਼ਨ ਹਾਸਿਲ ਕੀਤੀ। ਇਸ ਮੌਕੇ ਤੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ:ਮੰਗਲ ਸਿੰਘ ਕਿਸ਼ਨਪੁਰੀ ਜੀ ਅਤੇ ਪ੍ਰਿੰਸੀਪਲ ਡਾ:ਸ਼੍ਰੀਮਤੀ ਅਮਰਪ੍ਰੀਤ ਕੌਰ ਜੀ ਨੇ ਜੇਤੂ ਬੱਚਿਆਂ ਨੂੰ ਇਨਾਮ ਦਿੱਤੇ। ਇਸ ਮੌਕੇ ਤੇ ਡਾਕਟਰ ਮੰਗਲ ਸਿੰਘ ਕਿਸ਼ਨਪੁਰੀ ਜੀ ਨੇ ਕਿਹਾ ਕਿ ਭੋਜਨ ਸਾਡੇ ਸੱਭਿਆਚਾਰ ਨੂੰ ਜੋੜਦਾ ਹੈ ਅਤੇ ਸਭ ਨੂੰ ਇਕੱਠੇ ਕਰਦਾ ਹੈ ਇਹ ਸਾਨੂੰ ਕੁਦਰਤ ਦੀਆਂ ਅਸੀਸਾਂ ਦੀ ਕਦਰ ਕਰਨਾ ਅਤੇ ਸਾਡੇ ਦੁਆਰਾ ਖਾਧੇ ਜਾਣ ਵਾਲੇ ਹਰ ਭੋਜਨ ਦਾ ਸਤਿਕਾਰ ਕਰਨਾ ਸਿਖਾਉਂਦਾ ਹੈ ਉਹਨਾਂ ਨੇ ਅਧਿਆਪਕ ਸਾਹਿਬਾਨ ਨੂੰ ਅਜਿਹੇ ਅਰਥ ਪੂਰਨ ਸਮਾਗਮ ਦੇ ਆਯੋਜਨ ਲਈ ਵਧਾਈ ਅਤੇ ਸ਼ਾਬਾਸ਼ੀ ਦਿੱਤੀ। ਸਕੂਲ ਦੇ ਪ੍ਰਿੰਸੀਪਲ ਡਾ: ਅਮਰਪ੍ਰੀਤ ਕੌਰ ਜੀ ਨੇ ਕਿਹਾ ਕਿ ਬੱਚਿਆਂ ਨੂੰ ਹਮੇਸ਼ਾ ਪ੍ਰੋਟੀਨ ਨਾਲ ਭਰਪੂਰ ਸੰਤੁਲਿਤ ਭੋਜਨ ਹੀ ਕਰਨਾ ਚਾਹੀਦਾ ਹੈ । ਤਾਂ ਕਿ ਉਨਾਂ ਦਾ ਸਰੀਰ ਤੰਦਰੁਸਤ ਰਹੇ ਕਿਉਂਕਿ ਤੰਦਰੁਸਤ ਸਰੀਰ ਵਿੱਚ ਹੀ ਤੰਦਰੁਸਤ ਦਿਮਾਗ ਹੁੰਦਾ ਹੈ। ਇਸ ਮੌਕੇ ਸਕੂਲ ਦੇ ਵਾਈਸ ਪ੍ਰਿੰਸਪਲ ਸ੍ਰੀਮਤੀ ਗੁਰਪ੍ਰੀਤ ਕੌਰ ਜੀ ਸ਼ਿਲਪਾ ਸ਼ਰਮਾ ਕੋਆਰਡੀਨੇਟਰ ਨੀਲਾਕਸ਼ੀ ਗੁਪਤਾ ਕੋਡੀਨੇਟਰ ਸਮੂਹ ਸਟਾਫ ਅਤੇ ਬੱਚੇ ਹਾਜ਼ਰ ਸਨ।

# ਗੁਰੂ ਚਰਨ ਯਾਤਰਾ ਦਾ ਤਖ਼ਤ ਪਟਨਾ ਸਾਹਿਬ ਵਿਖੇ ਸਫਲਤਾਪੂਰਵਕ ਸਮਾਪਨ

### ਗੁਰੂ ਗੋਬਿੰਦ ਸਿੰਘ ਜੀ ਤੇ ਮਾਤਾ ਸਾਹਿਬ ਕੌਰ ਜੀ ਦੇ ਜੋੜੇ ਸਾਹਿਬ ਤਖ਼ਤ ਪਟਨਾ ਸਾਹਿਬ ਵਿਖੇ ਸੁਸ਼ੋਭਤ



ਨਵੀਂ ਦਿੱਲੀ, 1 ਨਵੰਬਰ (ਮਨਪ੍ਰੀਤ ਸਿੰਘ ਖਾਲਸਾ):- ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਸਾਹਿਬ ਕੌਰ ਜੀ ਦੇ ਜੋੜੇ ਸਾਹਿਬ ਨੂੰ ਲੈ ਕੇ ਦਿੱਲੀ ਦੇ ਗੁਰਦੁਆਰਾ ਮੋਤੀ ਸਾਹਿਬ ਤੋਂ ਚਲ ਕੇ “ਚਰਨ ਸੁਹਾਵੇ ਗੁਰੂ ਚਰਨ ਯਾਤਰਾ” ਤਖ਼ਤ ਪਟਨਾ ਸਾਹਿਬ ਪਹੁੰਚੀ, ਜਿਥੇ ਗੁਰੂ ਸਾਹਿਬ ਅਤੇ ਮਾਤਾ ਜੀ ਦੇ ਜੋੜੇ ਸਾਹਿਬ ਨੂੰ ਸਦਾ ਲਈ ਤਖ਼ਤ ਪਟਨਾ ਸਾਹਿਬ ਦੇ ਦੀਵਾਨ ਹਾਲ ਦੇ ਪਿੱਛੇ ਗੁੰਬਦ ਵਿਚ ਸੁਸ਼ੋਭਤ ਕੀਤਾ ਗਿਆ, ਤਾਂ ਜੋ ਸੰਗਤ ਉਨ੍ਹਾਂ ਦੇ ਦਰਸ਼ਨ ਕਰ ਸਕੇ। ਇਸ ਮੌਕੇ ਕੇਂਦਰੀ ਮੰਤਰੀ ਸ. ਹਰਦੀਪ ਸਿੰਘ ਪੁਰੀ ਨੇ ਪਰਿਵਾਰ ਸਮੇਤ ਹਾਜ਼ਰੀ ਭਰ ਕੇ ਗੁਰੂ ਚਰਨ ਯਾਤਰਾ ਦਾ ਸਮਾਪਨ ਕਰਵਾਇਆ। ਇਸ ਮੌਕੇ ਤਖ਼ਤ ਪਟਨਾ ਸਾਹਿਬ ਕਮੇਟੀ ਦੇ ਜਥੇਦਾਰ ਗਿਆਨੀ ਬਲਦੇਵ ਸਿੰਘ, ਐਡੀਸ਼ਨਲ ਹੈਡ ਗ੍ਰੰਥੀ ਗਿਆਨੀ ਦਲੀਪ ਸਿੰਘ, ਗਿਆਨੀ ਗੁਰਦਿਆਲ ਸਿੰਘ, ਪ੍ਰਧਾਨ ਜਗਜੋਤ ਸਿੰਘ ਸੋਹੀ, ਮਹਾਸਚਿਵ ਇੰਦਰਜੀਤ ਸਿੰਘ, ਸੀਨੀਅਰ ਉਪ ਪ੍ਰਧਾਨ ਲਖਵਿੰਦਰ ਸਿੰਘ, ਉਪ ਪ੍ਰਧਾਨ ਗੁਰਵਿੰਦਰ ਸਿੰਘ, ਮੀਡੀਆ ਪ੍ਰਭਾਰੀ ਸੁਦੀਪ ਸਿੰਘ, ਸੁਮਿਤ ਸਿੰਘ ਕਲਸੀ, ਸੁਪਰਿੰਟੈਂਡੈਂਟ ਦਲਜੀਤ ਸਿੰਘ ਅਤੇ ਮੈਨੇਜਰ ਪਪੀਦਰ ਸਿੰਘ ਨੇ ਯਾਤਰਾ ਵਿਚ ਸ਼ਾਮਲ ਪੰਜ ਪਿਆਰੇ ਸਾਹਿਬਾਨ ਅਤੇ ਸ. ਹਰਦੀਪ ਸਿੰਘ ਪੁਰੀ ਪਰਿਵਾਰ ਨੂੰ ਸਿਰੋਪਾ ਭੇਂਟ ਕਰਕੇ ਸਨਮਾਨਿਤ ਕੀਤਾ। ਸ. ਜਗਜੋਤ ਸਿੰਘ ਸੋਹੀ ਸਮੇਤ ਹੋਰ ਕਮੇਟੀ ਮੈਂਬਰਾਂ ਨੇ ਇਰਪ੍ਰੀਤ ਸਿੰਘ ਬਖ਼ਸ਼ੀ, ਯਾਤਰਾ ਦੇ ਕੋਆਰਡੀਨੇਟਰ ਜਸਬੀਰ ਸਿੰਘ ਧਾਮ ਅਤੇ ਇੰਚਾਰਜ ਹਰਜੀਤ ਸਿੰਘ ਨੂੰ ਵੀ ਸਨਮਾਨਿਤ ਕੀਤਾ। ਸ. ਜਗਜੋਤ ਸਿੰਘ ਸੋਹੀ ਨੇ ਦੱਸਿਆ ਕਿ ਗੁਰੂ ਚਰਨ ਯਾਤਰਾ ਕੱਲ੍ਹ ਸਸਾਰਾਮ ਤੋਂ ਚਲ ਕੇ ਦੇਰ ਰਾਤ ਗੁਰਦੁਆਰਾ ਗੁਰੂ ਦਾ ਬਾਗ ਪਹੁੰਚੀ ਸੀ, ਜਿਥੋਂ ਅੱਜ ਸਵੇਰੇ ਨਗਰ ਕੀਰਤਨ ਦੇ ਰੂਪ ਵਿਚ ਤਖ਼ਤ ਪਟਨਾ ਸਾਹਿਬ ਲਈ ਰਵਾਨਾ ਹੋਈ, ਜਿਥੇ ਗੁਰੂ ਸਾਹਿਬ ਅਤੇ ਮਾਤਾ ਸਾਹਿਬ ਦੇ ਜੋੜੇ ਸਾਹਿਬ ਨੂੰ ਦੀਵਾਨ ਹਾਲ ਦੇ ਪਿੱਛੇ ਗੁੰਬਦ ਵਿਚ ਸਦਾ ਲਈ ਸੁਸ਼ੋਭਤ ਕਰ ਦਿੱਤਾ ਗਿਆ ਹੈ, ਤਾਂ ਜੋ ਸੰਗਤ ਉਨ੍ਹਾਂ ਦੇ ਦਰਸ਼ਨ ਕਰ ਸਕੇ।

# ਵੈਨਕੂਵਰ ਅਤੇ ਓਟਵਾ ਦੀਆਂ ਭਾਰਤੀ ਅੰਬੈਸੀਆਂ ਦੇ ਬਾਹਰ ਸ਼ਹੀਦ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ ਅਤੇ ਨਵੰਬਰ 1984 ਦੇ ਸ਼ਹੀਦਾਂ ਨੂੰ ਸਮਰਪਿਤ ਭਾਰੀ ਮੁਜ਼ਾਹਿਰਾ




ਨਵੀਂ ਦਿੱਲੀ 1 ਨਵੰਬਰ (ਮਨਪ੍ਰੀਤ ਸਿੰਘ ਖਾਲਸਾ):- 31ਅਕਤੂਬਰ 2025 ਵਾਲੇ ਦਿਨ ਭਾਰਤ ਦੀਆਂ ਕੈਨੇਡਾ ਅੰਦਰ ਟਰਂਟੋ ਓਟਵਾ ਵੈਨਕੂਵਰ ਦੀਆਂ ਅੰਬੈਸੀਆਂ ਨੂੰ ਘੇਰਨ ਦੀ ਕਾਲ ਦਿੱਤੀ ਗਈ ਸੀ ਜਿਸ ਵਿੱਚ ਕੈਨੇਡਾ ਦੇ ਈਸਟ ਤੋਂ ਲੈ ਕੇ ਕੋਸਟ ਤੱਕ ਵੱਡੀ ਗਿਣਤੀ ਵਿੱਚ ਖਾਲਿਸਤਾਨੀ ਸਿੰਘਾਂ ਵੱਲੋਂ ਭਾਰਤ ਦੀਆਂ ਐਂਬੈਸੀਆਂ ਦੇ ਸਾਹਮਣੇ ਪ੍ਰਦਰਸ਼ਨ ਕੀਤੇ ਗਏ। ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਸਰੀ ਕੈਨੇਡਾ ਦੇ ਸਾਬਕਾ ਮੁੱਖ ਸੇਵਾਦਾਰ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ, ਜਿਨ੍ਹਾਂ ਨੂੰ ਗੁਰੂ ਘਰ ਦੀ ਹਦੂਦ ਅੰਦਰ ਗੋਲੀਆਂ ਮਾਰਕੇ ਸ਼ਹੀਦ ਕੀਤਾ ਗਿਆ ਸੀ ਉਨ੍ਹਾਂ ਦੇ ਵਾਰਸ ਸਿੰਘਾਂ ਅਤੇ ਐੱਸ.ਐੱਫ.ਜੇ ਵੱਲੋਂ ਭਾਰਤੀ ਐਂਬੈਸੀ ਨੂੰ ਪੂਰੇ 10 ਘੰਟੇ ਤੱਕ ਘੇਰ ਕੇ ਵੱਡੇ ਪੱਧਰ ਤੇ ਰੋਸ-ਪ੍ਰਦਰਸ਼ਨ ਕੀਤਾ ਗਿਆ । ਇਸ ਮੌਕੇ ਪ੍ਰਦਰਸ਼ਨਕਾਰੀਆਂ ਵਲੋਂ ਭਾਰਤੀ ਐਂਬੈਸੀ ਨੂੰ ਬੰਦ ਕਰਨ ਦੀ ਮੰਗ ਨੂੰ ਜ਼ੋਰ ਨਾਲ ਚੁਕਿਆ ਗਿਆ। ਗੁਰਦੁਆਰਾ ਸਾਹਿਬ ਦੇ ਸਕੱਤਰ ਭਾਈ ਗੁਰਮੀਤ ਸਿੰਘ ਤੂਰ ਨੇ ਕਿਹਾ ਕਿ ਭਾਰਤੀ ਐਂਬੈਸੀ ਬੰਦ ਹੋਣੀ ਚਾਹੀਦੀ ਹੈ ਅਤੇ ਭਾਰਤੀ ਕੌਂਸਲੇਟ ਤੇ ਸਰਕਾਰੀ ਕਾਰਵਾਈ ਹੋਣੀ ਚਾਹੀਦੀ ਹੈ । ਕਿਉਕਿ ਭਾਰਤੀ ਹਾਈ ਕਮਿਸ਼ਨਰ ਸੰਜੇ ਵਰਮਾ ਅਤੇ ਕੌਂਸਲੇਟ ਮਨੀਸ਼ ਕੁਮਾਰ ਕੈਨੇਡਾ ਛੱਡ ਕੇ ਭੱਜ ਗਏ ਹਨ ਉਹਨਾਂ ਤੇ ਕਾਰਵਾਈ ਕਰਨ ਲਈ ਉਨ੍ਹਾਂ ਨੂੰ ਕੈਨੇਡੀਅਨ ਕਨੂੰਨ ਹੇਠ ਲਿਆ ਕੇ ਸਜ਼ਾ ਦੇਣ ਦੀ ਵੀ ਮੰਗ ਉਠਾਈ ਗਈ । ਭਾਈ ਨਰਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਦਿਨੇਸ਼ ਪਟਨਾਇਕ ਕੈਨੇਡਾ ਵਿੱਚ ਭਾਰਤ ਦਾ ਨਵਾਂ ਚਿਹਰਾ ਜੋ ਕਿ ਓਟਵਾ ਵਿੱਚ ਹਾਈ ਕਮਿਸ਼ਨਰ ਦੇ ਰੂਪ ਵਿੱਚ ਲਗਾਇਆ ਜਾ ਰਿਹਾ ਹੈ ਓਹ ਵੀਂ ਪਹਿਲਾਂ ਵਾਲੇ ਰਾਜਦੂਤਾਂ ਦੇ ਰਾਹ ਤੇ ਚਲ ਰਿਹਾ ਹੈ ਇਸ ਕਰਕੇ ਸਿੱਖ ਜਥੇਬੰਦੀਆਂ ਵੱਲੋਂ ਉਸਦਾ ਭਾਰੀ ਵਿਰੋਧ ਕੀਤਾ ਜਾ ਰਿਹਾ ਹੈ। ਰੋਸ ਪ੍ਰਦਰਸ਼ਨ ਦੌਰਾਨ ਭਾਰਤੀ ਤਿਰੰਗੇ ਦੇ ਰੱਜ ਕੇ ਬੇਹੁਰਮਤੀ ਕੀਤੀ ਗਈ ਸੀ । ਇਸ ਮੌਕੇ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਭਾਈ ਗੁਰਮੀਤ ਸਿੰਘ ਤੂਰ, ਭਾਈ ਨਰਿੰਦਰ ਸਿੰਘ ਰੰਧਾਵਾ, ਭਾਈ ਅਵਤਾਰ ਸਿੰਘ ਖਹਿਰਾ, ਭਾਈ ਮਨਜਿੰਦਰ ਸਿੰਘ, ਭਾਈ ਰਜਿੰਦਰ ਸਿੰਘ ਨੱਤ, ਭਾਈ ਰਣਜੀਤ ਸਿੰਘ ਸਹੋਤਾ, ਭਾਈ ਚਰਨਜੀਤ ਸਿੰਘ, ਜੈਗ ਸਿੰਘ, ਬਾਬਾ ਬੰਦਾ ਸਿੰਘ ਬਹਾਦਰ ਤੋਂ ਭਾਈ ਰਣਜੀਤ ਸਿੰਘ ਖਾਲਸਾ ਕਰਨੈਲ ਸਿੰਘ ਟੁੱਟ ਸਮੇਤ ਵਡੀ ਗਿਣਤੀ ਸਿੰਘ ਸੰਗਤਾਂ ਨੇ ਰੋਸ ਪ੍ਰਦਰਸ਼ਨ ਵਿਚ ਆਪਣੀ ਹਾਜ਼ਿਰੀ ਲਗਵਾ ਕੇ ਆਪਣਾ ਵਿਰੋਧ ਪ੍ਰਗਟ ਕੀਤਾ ਸੀ । ਇਸੇ ਤਰ੍ਹਾਂ ਮੌਂਟਰੀਆਲ ਤੋਂ ਜਥੇਦਾਰ ਸੰਤੋਖ ਸਿੰਘ ਖੇਲਾ ਅਤੇ ਟਰਾਂਟੋ ਤੋਂ ਭਾਈ ਇੰਦਰਜੀਤ ਸਿੰਘ ਗੋਸਲ ਦੀ ਅਗਵਾਈ ਵਿੱਚ ਸਿੰਘਾਂ ਨੇ ਭਾਰਤੀ ਅੰਬੈਸਿਆ ਮੂਹਰੇ ਮੋਰਚੇ ਲਗਾ ਕੇ ਆਪਣੀ ਆਵਾਜ਼ ਨੂੰ ਬੁਲੰਦ ਕੀਤਾ ਸੀ । ਉਨ੍ਹਾਂ ਦਸਿਆ ਕਿ ਰੈਫਰੈਂਡਮ ਦੀਆਂ ਵੋਟਾਂ ਦਾ ਅਗਲਾ ਪੜਾਅ 23 ਨਵੰਬਰ 2025 ਕੈਨੇਡਾ ਦੇ ਔਟਵਾ ਵਿਖੇ ਹੋਵੇਗਾ ਜਿਸ ਨੂੰ ਸਫਲ ਬਣਾਉਣ ਲਈ ਵਡੀ ਗਿਣਤੀ ਵਿਚ ਪਹੁੰਚਣ ਦੀ ਅਪੀਲ ਕੀਤੀ ਗਈ ਹੈ ।

## ਇੱਕ ਨਜ਼ਰ ...



## ਕੈਰਲ ਕਾਨਵੈਂਟ ਸਕੂਲ 'ਚ ਜੈਨੇਸਿਸ ਡੈਂਟਲ ਹਸਪਤਾਲ ਵੱਲੋਂ ਮੁਫ਼ਤ ਦੰਦਾਂ ਦਾ ਜਾਂਚ ਕੈਂਪ ਦਾ ਆਯੋਜਨ

ਫਿਰੋਜ਼ਪੁਰ 1 ਨਵੰਬਰ (ਮਨੋਹਰ ਲਾਲ): ਸ਼ਹਿਰ ਦੇ ਕੈਰਲ ਕਾਨਵੈਂਟ ਸਕੂਲ ਵਿਚ ਜੈਨੇਸਿਸ ਡੈਂਟਲ ਕਾਲਜ ਅਤੇ ਹਸਪਤਾਲ ਵੱਲੋਂ ਇਕ ਮੁਫ਼ਤ ਡੈਂਟਲ ਚੈੱਕਅੱਪ ਕੈਂਪ ਲਗਾਇਆ ਗਿਆ। ਇਸ ਮੌਕੇ 'ਤੇ ਡਾ. ਸੁਕੀਰਤ ਕੌਰ, ਡਾ. ਸੁਲੇਖਾ ਅਤੇ ਡਾ. ਰਾਹੁਲ ਯਾਦਵ ਨੇ ਵਿਦਿਆਰਥੀਆਂ ਦੇ ਦੰਦਾਂ ਦੀ ਜਾਂਚ ਕੀਤੀ ਅਤੇ ਉਨ੍ਹਾਂ ਨੂੰ ਦੰਦਾਂ ਬਾਰੇ ਜਾਗਰੂਕ ਕੀਤਾ। ਡਾਕਟਰਾਂ ਨੇ ਬੱਚਿਆਂ ਨੂੰ ਦੰਦਾਂ ਦੀ ਸਹੀ ਸਫਾਈ, ਬਰਸ਼ ਕਰਨ ਦਾ ਢੰਗ ਅਤੇ ਖਾਣ-ਪੀਣ ਵਿੱਚ ਸਾਵਧਾਨੀਆਂ ਬਾਰੇ ਜਾਣਕਾਰੀ ਦਿੱਤੀ, ਤਾਂ ਜੋ ਭਵਿੱਖ 'ਚ ਦੰਦਾਂ ਨਾਲ ਸਬੰਧਤ ਬਿਮਾਰੀਆਂ ਤੋਂ ਬਚਿਆ ਜਾ ਸਕੇ। ਇਸ ਮੌਕੇ ਸਕੂਲ ਦੇ ਚੈਅਰਮੇਨ ਰਾਜੀਵ ਸ਼ਰਮਾ ਨੇ ਜੈਨੇਸਿਸ ਡੈਂਟਲ ਕਾਲਜ ਦੀ ਟੀਮ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਅਜਿਹੇ ਕੈਂਪ ਬੱਚਿਆਂ ਦੀ ਸਿਹਤ ਲਈ ਬਹੁਤ ਲਾਭਦਾਇਕ ਹੁੰਦੇ ਹਨ। ਇਸ ਸਫਲਤਾ ਵਿਚ ਕਾਲਜ ਦੇ ਪੀਆਰਓ ਰਣਜੀਤ ਸਿੰਘ, ਮਨਜੀਤ ਸਿੰਘ ਅਤੇ ਸਕੂਲ ਸਟਾਫ ਦਾ ਵਿਸ਼ੇਸ਼ ਯੋਗਦਾਨ ਰਿਹਾ।

## ਟੀ.ਬੀ .ਐਸ ਇੰਟਰਨੈਸ਼ਨਲ ਸਕੂਲ ਵਿੱਚ ਪੰਜਾਬ ਸੂਬਾ ਦਿਵਸ ਮਨਾਇਆ



ਫਿਰੋਜ਼ਪੁਰ 1 ਨਵੰਬਰ (ਮਨੋਹਰ ਲਾਲ): ਫਿਰੋਜ਼ਪੁਰ ਮੋਗਾ ਰੋਡ 'ਤੇ ਸਥਿਤ ਟੀ.ਬੀ .ਐਸ ਇੰਟਰਨੈਸ਼ਨਲ ਸਕੂਲ ਜੋ ਡਾ. ਹੀਰਾ ਲਾਲ ਸ਼ਰਮਾ ,ਵਾਇਸ ਚੇਅਰਮੈਨ ਵਿਭੋਰ ਸ਼ਰਮਾ, ਜਨਰਲ ਸਕੱਤਰ ਸ਼ਿਵਮ ਸ਼ਰਮਾ ਅਤੇ ਮੈਨਜਿੰਗ ਡਾਇਰੈਕਟਰ ਦੀਪਾਲੀ ਸ਼ਰਮਾ ਦੀ ਦੇਖ ਰੇਖ ਵਿੱਚ ਚੱਲ ਰਿਹਾ ਹੈ, ਸਕੂਲ ਵਿੱਚ ਪੰਜਾਬ ਸੂਬਾ ਦਿਵਸ ਮਨਾਇਆ ਗਿਆ, ਇਸ ਮੌਕੇ 'ਤੇ ਵਿਦਿਆਰਥੀਆਂ ਦੁਆਰਾ ਵਿਸ਼ੇਸ਼ ਸਭਾ ਦਾ ਆਯੋਜਨ ਕੀਤਾ ਗਿਆ, ਜਿਸ ਦਾ ਉਦੇਸ਼ ਬੱਚਿਆਂ ਨੂੰ ਪੰਜਾਬ ਦੇ ਗੌਰਵ ਇਤਿਹਾਸ ਦਾ ਗਿਆਨ ਕਰਵਾਉਣਾ ਸੀ, ਸਕੂਲ ਪ੍ਰਿੰਸੀਪਲ ਰੇਖਾ ਪਾਸੀ ਨੇ ਪੰਜਾਬ ਦਿਵਸ ਦੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ 1 ਨਵੰਬਰ 1966 ਨੂੰ ਪੰਜਾਬੀ ਭਾਸ਼ਾ ਰਾਜ ਦੀ ਮੰਗ ਨੂੰ ਪੂਰਾ ਕਰਨ ਲਈ ਪੀ.ਐਮ.ਇੰਦਰਾ ਗਾਂਧੀ ਨੇ ਹਰਿਆਣਾ ਤੋਂ ਪੰਜਾਬ ਨੂੰ ਵੱਖ ਕਰ ਨਵੇ ਪੰਜਾਬ ਦਾ ਪੁਨਰਗਠਨ ਕੀਤਾ। ਇਸ ਦਿਨ ਨੂੰ ਅਸੀਂ ਪੰਜਾਬ ਦਿਵਸ ਦੇ ਰੂਪ ਵਿੱਚ ਦੇਖਦੇ ਹਾਂ, ਉਨ੍ਹਾਂ ਕਿਹਾ ਕਿ ਪੰਜਾਬੀ ਸਾਡੀ ਮਾਂ ਬੋਲੀ ਹੈ। ਜੀਵਨ ਵਿੱਚ ਵਿਅਕਤੀਤਵ ਦੀ ਨਿਖਾਰ ਭਾਸ਼ਾ ਹੈ। ਸਾਨੂੰ ਮਾਂ ਬੋਲੀ ਨੂੰ ਬੋਲਣ ਵਿੱਚ ਸ਼ਰਮ ਮਹਿਸੂਸ ਨਹੀਂ ਕਰਨੀ ਚਾਹੀਦੀ ਹੈ ਸਗੋਂ ਮਾਂ ਭਾਸ਼ਾ ਅਤੇ ਆਪਣੇ ਗੌਰਵ ਇਤਿਹਾਸ 'ਤੇ ਮਾਣ ਕਰਨਾ ਚਾਹੀਦਾ ਹੈ।

## ਬੱਚਿਆ ਅਤੇ ਅਧਿਆਪਕਾਂ, ਮਾਪਿਆਂ ਨੂੰ ਪੜਾਉਣ ਦੀ ਨਹੀਂ, ਪੜ੍ਹਨ ਦੀ ਲੋੜ ਹੈ: ਪੀਸੀ ਕੁਮਾਰ



ਫਿਰੋਜ਼ਪੁਰ 1 ਨਵੰਬਰ (ਮਨੋਹਰ ਲਾਲ): ਅੱਜ ਸਰਕਾਰੀ ਪ੍ਰਾਇਮਰੀ ਸਕੂਲ ਗੋਲਬਾਗ ਵਿਖੇ ਪੀਸੀ ਕੁਮਾਰ ਉੱਘੇ ਸਮਾਜ ਸੁਧਾਰਕ ਸੇਵਾ ਮੁਕਤ ਮਾਸ ਮੀਡੀਆ ਅਫਸਰ ਸਿਹਤ ਵਿਭਾਗ ਸੀਨੀਅਰ ਸਿਟੀਜਨ ਪਹੁੰਚੇ। ਉਨ੍ਹਾਂ ਨੇ ਬੱਚਿਆਂ ਅਧਿਆਪਕ ਅਤੇ ਮਾਪਿਆਂ ਦੇ ਇਕੱਠੇ ਵਿਚ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਾਨੂੰ ਇਸ ਗੱਲ ਵੱਲ ਧਿਆਨ ਦੇਣ ਦੀ ਲੋੜ ਹੈ ਕਿ ਅਸੀਂ ਇਹ ਬੱਚੇ ਜੋ ਅਜੇ ਸਾਫ ਸਲੇਟ ਚਾਦਰ, ਕਾਗਜ਼ ਦੀ ਤਰ੍ਹਾਂ ਨਿਰਮਲ ਹਨ। ਜਿਨ੍ਹਾਂ ਉੱਤੇ ਅੱਜ ਇਨ੍ਹਾਂ ਨੂੰ ਪੜਾਉਣ ਦੀ ਨਹੀਂ ਬਲਕਿ ਪੜ੍ਹਨ ਦੀ ਲੋਡ ਹੈ। ਇਸ ਤਰ੍ਹਾਂ ਇਨ੍ਹਾਂ ਬੱਚਿਆਂ ਦੇ ਨਾਲ ਨਾਲ ਅਧਿਆਪਕਾਂ ਦੀਆਂ ਵੀ ਸਰੀਰਕ, ਮਾਨਸਿਕ ਅਤੇ ਦੁਨਿਆਈ ਜੋ ਇਨ੍ਹਾਂ ਨੂੰ ਘਰ, ਸਮਾਜ, ਦੇਸ਼ ਵਿਚ ਪੇਸ਼ ਆ ਰਹੀਆਂ ਹਨ। ਉਨ੍ਹਾਂ ਨੂੰ ਵੀ ਸਰਕਾਰ ਅਤੇ ਸਮਾਜ ਦਾ ਫਰਜ਼ ਬਣਦਾ ਹੈ ਕਿ ਪੜਿਆ ਜਾਵੇ ਨਾ ਕਿ ਬੱਚਿਆਂ ਦੀ ਤਰ੍ਹਾਂ ਇਨ੍ਹਾਂ ਉਪਰ ਨਾ ਠੋਸਿਆ ਜਾਵੇ। ਇਕੋ ਇਕ ਇਨ੍ਹਾਂ ਦੇ ਜੁੰਮੇ ਕੰਮ ਲਾਇਆ ਜਾਵੇ ਕਿ ਬੱਚਿਆਂ ਨੂੰ ਪਹਿਲਾਂ ਘਰ ਵਿਚ ਚੰਗੇ ਬੱਚੇ, ਸਕੂਲ ਵਿਚ ਵਧੀਆਂ ਵਿਦਿਆਰਥੀ ਅਤੇ ਸਮਾਜ ਅਤੇ ਦੇਸ਼ ਦੇ ਚੰਗੇ ਨਾਗਰਿਕ, ਅਸੀਂ ਇਹ ਗੱਲ ਮੰਨ ਕੇ ਚੱਲੀਏ ਕਿ ਸਾਡਾ ਭਾਰਤ ਸਾਰੀ ਦੁਨੀਆਂ ਦੇ ਗੁਰੂ ਰਿਹਾ ਹੈ, ਤੇ ਅੱਜ ਇਨ੍ਹਾਂ ਸਰਕਾਰਾਂ ਨੇ ਆਪਣੇ ਅਧਿਆਪਕ ਨੂੰ ਪੜ੍ਹਨ ਲਈ ਬਾਹਰਲੇ ਦੇਸ਼ਾਂ ਵਿਚ ਭੇਜਿਆ ਜਾ ਰਿਹਾ ਹੈ।

# ਅਮਰੀਕਨ ਸਿੱਖ ਕਾਕਸ ਵੱਲੋਂ ਕੀਤੇ ਸਫਲ ਯਤਨ ਨਾਲ, ਅਮਰੀਕੀ ਕਾਂਗਰਸਮੈਨ ਡੇਵਿਡ ਵਾਲਾਡਾਓ ਨੇ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਨੂੰ ਮਾਨਤਾ ਦਿਵਾਉਣ ਲਈ ਮੱਤਾ ਪੇਸ਼ ਕੀਤਾ



ਨਵੀਂ ਦਿੱਲੀ 1 ਨਵੰਬਰ (ਮਨਪ੍ਰੀਤ ਸਿੰਘ ਖਾਲਸਾ):- ਅਮਰੀਕਨ ਸਿੱਖ ਕਾਕਸ ਵੱਲੋਂ ਕੀਤੇ ਸਫਲ ਯਤਨ ਨਾਲ, ਅਮਰੀਕੀ ਕਾਂਗਰਸਮੈਨ ਡੇਵਿਡ ਵਾਲਾਡਾਓ ਨੇ ਸਿੱਖ ਨਸਲਕੁਸ਼ੀ ਦੀ 41 ਵੀਂ ਯਾਦ ਦਾ ਮਤਾ ਐਚ. ਆਰਈਐਸ. 841 ਅਮਰੀਕੀ ਕਾਂਗਰਸ ਵਿੱਚ ਪੇਸ਼ ਕੀਤਾ ਗਿਆ ਹੈ । ਸਿੱਖ ਅਮਰੀਕੀ ਭਾਈਚਾਰਾ, ਅਮਰੀਕਨ ਸਿੱਖ ਕਾਂਗਰੈਸ਼ਨਲ ਕਾਕਸ ਦੇ ਕੋ-ਚੇਅਰ ਵਜੋਂ ਆਪਣਾ ਸਮਰਥਨ ਦੇਣ ਲਈ ਅਮਰੀਕੀ ਕਾਂਗਰਸਮੈਨ ਡੇਵਿਡ ਵਾਲਾਡਾਓ ਦਾ ਧੰਨਵਾਦੀ ਹੈ। ਸਿੱਖ ਕਤਲੇਆਮ-ਸਿੱਖ ਨਸਲਕੁਸ਼ੀ ਅਤੇ ਗੁੰਮਸ਼ੁਦਗੀਆਂ ਦੇ ਦਹਾਕੇ ਨੂੰ 40 ਸਾਲ ਤੋਂ ਵੱਧ ਸਮਾਂ ਬੀਤ ਚੁੱਕਾ ਹੈ, ਜਿਸ ਕਾਰਨ ਹਜ਼ਾਰਾਂ ਸਿੱਖਾਂ ਨੇ ਅਮਰੀਕਾ ਵਿੱਚ ਸੁਰੱਖਿਆ ਅਤੇ ਆਪਣਾ ਧਰਮ ਆਜ਼ਾਦੀ ਨਾਲ ਅਦਾ ਕਰਨ ਦਾ ਮੌਕਾ ਲੱਭਿਆ।ਜਿਨ੍ਹਾਂ ਨੇ ਆਪਣੀ ਜਾਨ ਗੁਆਈ, ਉਨ੍ਹਾਂ ਨੂੰ ਯਾਦ ਕਰਦਿਆਂ ਅਸੀਂ ਕਾਂਗਰਸਮੈਨ ਵਾਲਾਡਾਓ ਦੇ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਅਮੈਰੀਕਨ ਕਾਂਗਰਸ ਵਿੱਚ ਐਚ. ਆਰਈਐਸ. 841 ਪੇਸ਼ ਕੀਤਾ। ਇਹ ਪ੍ਰਸਤਾਵ ਸਿਰਫ਼ ਪਿਛਲੇ ਅਤਿਆਚਾਰਾਂ ਦੀ ਪਛਾਣ ਹੀ ਨਹੀਂ, ਸਗੋਂ ਚੰਗਿਆਈ, ਇਨਸਾਫ਼ ਅਤੇ ਉਨ੍ਹਾਂ ਦੀ ਯਾਦ ਵੱਲ ਇਕ ਕਦਮ ਹੈ ਜਿਨ੍ਹਾਂ ਨੇ ਆਪਣੀ ਜਾਨ ਗੁਆਈ ਜਾਂ ਇਸ ਹਨੇਰੇ ਸਮੇਂ ਦੌਰਾਨ ਦੁੱਖ ਸਹਿਣਾ ਪਿਆ। ਇਹ ਜਾਣਕਾਰੀ ਅਮਰੀਕਨ ਸਿੱਖ ਕਾਕਸ ਕਮੇਟੀ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੇ ਪ੍ਰਤੀਨਿਧੀਆਂ ਵੱਲੋਂ ਭਾਈ ਹਿੰਮਤ ਸਿੰਘ ਨਿਊਯਾਰਕ ਵਲੋਂ ਮੀਡੀਆ ਨੂੰ ਦਿੱਤਾ ਗਿਆ। ਇਸ ਬਾਰੇ ਗੱਲਬਾਤ ਕਰਦਿਆਂ ਭਾਈ ਹਿੰਮਤ ਸਿੰਘ ਨਿਊਯੌਰਕ ਨੇ ਦਸਿਆ ਕੀ ਸ਼੍ਰੀ ਵਾਲਾਦਾਓ ਵਲੋਂ ਮਤਾ ਐਚ ਆਰਈਐਸ 841 ਪੇਸ਼ ਕੀਤਾ ਜਿਸਨੂੰ ਵਿਦੇਸ਼ੀ ਮਾਮਲਿਆਂ ਬਾਰੇ ਕਮੇਟੀ ਨੂੰ ਭੇਜਿਆ ਗਿਆ ਸੀ। ਮੱਤੇ ਵਿਚ ਲਿਖਿਆ ਹੈ ਕੀ 1984 ਦੀ ਸਿੱਖ ਨਸਲਕੁਸ਼ੀ ਦੀ ਮਾਨਤਾ ਅਤੇ ਯਾਦਗਾਰੀ ਸਮਾਰੋਹ ਲਈ ਸਮਰਥਨ ਦੇ ਰਹੇ ਹਾਂ । ਸੰਯੁਕਤ ਰਾਜ ਅਮਰੀਕਾ ਵਿੱਚ, ਅਤੇ ਸਿੱਖ 120 ਸਾਲਾਂ ਤੋਂ ਵੱਧ ਸਮੇਂ ਤੋਂ ਅਮਰੀਕੀ ਤਾਣੇ-ਬਾਣੇ ਦਾ ਹਿੱਸਾ ਰਹੇ ਹਨ, ਸ਼ੁਰੂ ਵਿੱਚ ਖੇਤਾਂ, ਲੱਕੜ ਮਿੱਲਾਂ, ਖਾਣਾਂ ਅਤੇ ਪੱਛਮੀ ਪ੍ਰਸ਼ਾਂਤ ਰੇਲਮਾਰਗ 'ਤੇ ਕੰਮ ਕਰਨ ਲਈ ਆਏ, ਅਤੇ ਬਾਅਦ ਵਿੱਚ ਹਰੇਕ ਰਾਜ ਅਤੇ ਖੇਤਰ ਵਿੱਚ ਵਸ ਗਏ ।ਕਲਾ, ਸੰਗੀਤ, ਟਰੱਕਿੰਗ, ਖੇਤੀਬਾੜੀ, ਸੂਚਨਾ ਤਕਨਾਲੋਜੀ, ਕਾਨੂੰਨ, ਦਵਾਈ, ਅਤੇ ਹੋਰ ਬਹੁਤ ਸਾਰੇ ਖੇਤਰਾਂ ਵਿੱਚ ਦੇਸ਼ ਦੇ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਦ੍ਰਿਸ਼ਟੀਕੋਣ ਵਿੱਚ ਮਹੱਤਵਪੂਰਨ ਯੋਗਦਾਨ ਪਾ ਰਹੇ ਹਨ ।ਨਵੰਬਰ 1984 ਵਿੱਚ ਦਿੱਲੀ ਦੀ ਰਾਜਧਾਨੀ ਖੇਤਰ ਵਿੱਚ, ਝਾਰਖੰਡ, ਮੱਧ ਪ੍ਰਦੇਸ਼, ਹਰਿਆਣਾ, ਉਤਰਾਖੰਡ, ਬਿਹਾਰ, ਉੱਤਰ ਪ੍ਰਦੇਸ਼, ਪੱਛਮੀ ਬੰਗਾਲ, ਹਿਮਾਚਲ ਪ੍ਰਦੇਸ਼, ਰਾਜਸਥਾਨ, ਓਡੀਸ਼ਾ, ਛੱਤੀਸਗੜ੍ਹ, ਤ੍ਰਿਪੁਰਾ, ਤਾਮਿਲਨਾਡੂ, ਗੁਜਰਾਤ, ਆਂਧਰਾ ਪ੍ਰਦੇਸ਼, ਕੇਰਲਾ, ਮਹਾਰਾਸ਼ਟਰ, ਅਤੇ ਭਾਰਤ-ਪ੍ਰਸ਼ਾਸਿਤ ਜੰਮੂ ਅਤੇ ਕਸ਼ਮੀਰ ਵਿੱਚ ਸਿੱਖਾਂ ਵਿਰੁੱਧ ਯੋਜਨਾਬੱਧ ਅਤੇ ਯੋਜਨਾਬੱਧ ਨਸਲਕੁਸ਼ੀ ਹਿੰਸਾ ਕੀਤੀ ਗਈ ਸੀ । ਸਿੱਖ ਨਸਲਕੁਸ਼ੀ ਦੌਰਾਨ, ਸਿੱਖਾਂ 'ਤੇ ਹਮਲਾ ਕੀਤਾ ਗਿਆ, ਤਸੀਹੇ ਦਿੱਤੇ ਗਏ, ਜ਼ਿੰਦਾ ਸਾੜ ਦਿੱਤਾ ਗਿਆ ਅਤੇ ਕਤਲ ਕਰ ਦਿੱਤਾ ਗਿਆ, ਅਤੇ ਸਿੱਖ ਔਰਤਾਂ, ਜਿਨ੍ਹਾਂ ਵਿੱਚੋਂ ਬਹੁਤਿਆਂ ਨੇ ਨਸਲਕੁਸ਼ੀ ਦੌਰਾਨ ਆਪਣੇ ਪਰਿਵਾਰ ਗੁਆ ਦਿੱਤੇ, ਉਨ੍ਹਾਂ 'ਤੇ ਹਮਲਾਵਰਾਂ ਦੇ ਸਮੂਹਾਂ ਦੁਆਰਾ ਜਿਨਸੀ ਹਮਲਾ ਅਤੇ ਬਲਾਤਕਾਰ ਕੀਤਾ ਗਿਆ ।ਸਿੱਖ ਘਰਾਂ, ਕਾਰੋਬਾਰਾਂ ਅਤੇ ਗੁਰਦੁਆਰਿਆਂ, ਜਾਂ ਪੂਜਾ ਸਥਾਨਾਂ ਨੂੰ ਨਸਲਕੁਸ਼ੀ ਦੌਰਾਨ ਲੁੱਟਿਆ ਗਿਆ, ਨੁਕਸਾਨ ਪਹੁੰਚਾਇਆ ਗਿਆ ਅਤੇ ਤਬਾਹ ਕਰ ਦਿੱਤਾ ਗਿਆ, ਜਿਸ ਨਾਲ ਬਹੁਤ ਸਾਰੇ ਸਿੱਖ ਪਰਿਵਾਰਾਂ, ਭਾਈਚਾਰਿਆਂ, ਘਰਾਂ ਅਤੇ ਕਾਰੋਬਾਰਾਂ ਦੀ ਸਾਜ਼ਿਸ਼ ਤਹਿਤ ਤਬਾਹੀ ਹੋਈ। ਭਾਰਤ ਸਰਕਾਰ ਨੇ ਅਧਿਕਾਰੀਆਂ ਅਤੇ ਸੰਸਦ ਮੈਂਬਰਾਂ ਰਾਹੀਂ ਅਤੇ ਪੁਲਿਸ ਅਤੇ ਹੋਰ ਰਾਜ ਸੰਸਥਾਵਾਂ ਦੇ ਸਮਰਥਨ ਨਾਲ, ਨਸਲਕੁਸ਼ੀ ਹਮਲਿਆਂ ਦੀ ਅਗਵਾਈ ਕੀਤੀ ਅਤੇ ਇਸ ਵਿੱਚ ਹਿੱਸਾ ਲਿਆ, ਅਤੇ ਨਸਲਕੁਸ਼ੀ ਨੂੰ ਰੋਕਣ ਲਈ ਦਖਲ ਦੇਣ ਵਿੱਚ ਅਸਫਲ ਰਹੀ। ਨਵੰਬਰ 1984 ਵਿੱਚ, ਤੀਹ ਹਜਾਰ ਤੋਂ ਵੱਧ ਸਿੱਖਾਂ ਦਾ ਕਤਲ ਕਰ ਦਿੱਤਾ ਗਿਆ, ਜਦੋਂ ਕਿ ਨਵੀਂ ਦਿੱਲੀ ਦੀ "ਵਿਧਵਾ ਕਲੋਨੀ" ਵਿੱਚ ਅਜੇ ਵੀ ਸਿੱਖ ਕਤਲੇਆਮ ਨਾਲ ਪੀੜਿਤ ਔਰਤਾਂ ਰਹਿੰਦੀਆਂ ਹਨ ਜਿਨ੍ਹਾਂ 'ਤੇ ਹਮਲਾ ਕੀਤਾ ਗਿਆ, ਬਲਾਤਕਾਰ ਕੀਤਾ ਗਿਆ, ਤਸੀਹੇ ਦਿੱਤੇ ਗਏ, ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਅੰਗ ਤੋੜਨ, ਸਾੜਨ ਅਤੇ ਕਤਲ ਕਰਨ ਲਈ ਮਜਬੂਰ ਕੀਤਾ ਗਿਆ, ਅਤੇ ਜੋ ਅਜੇ ਵੀ ਦੋਸ਼ੀਆਂ ਵਿਰੁੱਧ ਇਨਸਾਫ਼ ਦੀ ਮੰਗ ਕਰ ਰਹੀਆਂ ਹਨ ।ਸੰਯੁਕਤ ਰਾਜ ਅਮਰੀਕਾ ਵਿੱਚ ਸਿੱਖ ਭਾਈਚਾਰਾ ਨਸਲਕੁਸ਼ੀ ਦੇ ਸਰੀਰਕ ਅਤੇ ਮਾਨਸਿਕ ਸਦਮੇ ਤੋਂ ਉਭਰਿਆ ਨਹੀਂ ਹੈ, ਕਿਉਂਕਿ ਉਹ ਮਾਰੇ ਗਏ ਲੋਕਾਂ ਦੀ ਯਾਦ ਨੂੰ ਜ਼ਿੰਦਾ ਰੱਖਦਾ ਹੈ, ਅਤੇ ਸਿੱਖ ਨਸਲਕੁਸ਼ੀ ਨੂੰ ਕਦੇ ਨਹੀਂ ਭੁੱਲ ਸਕੇਗਾ। ਰਾਜ-ਪ੍ਰਯੋਜਿਤ ਹਿੰਸਾ ਨੂੰ ਮਾਨਤਾ ਦੇਣਾ ਜਿਸਨੇ ਭਾਰਤ ਭਰ ਵਿੱਚ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਨਿਆਂ, ਜਵਾਬਦੇਹੀ ਅਤੇ ਸੁਲ੍ਹਾ ਵੱਲ ਇੱਕ ਮਹੱਤਵਪੂਰਨ ਅਤੇ ਇਤਿਹਾਸਕ ਕਦਮ ਹੈ, ਜੋ ਕਿ ਦੂਜੀਆਂ ਸਰਕਾਰਾਂ ਲਈ ਇੱਕ ਉਦਾਹਰਣ ਹੋਣਾ ਚਾਹੀਦਾ ਹੈ। ਇਸ ਲਈ, ਇਹ ਪ੍ਰਤੀਨਿਧੀ ਸਭਾ ਦੀ ਭਾਵਨਾ ਹੈ ਕਿ 1984 ਦੀ ਸਿੱਖ ਨਸਲਕੁਸ਼ੀ ਨੂੰ ਮਾਨਤਾ ਦਿਵਾਈ ਜਾਵੇ ਅਤੇ ਇਸਦੇ ਸਾਰੇ ਦੋਸ਼ੀਆਂ ਨੂੰ, ਉਸਦੇ ਕਿਸੇ ਵੀਂ ਰੈਂਕ ਜਾਂ ਰੁਤਬੇ ਦੀ ਪਰਵਾਹ ਕੀਤੇ ਬਿਨਾਂ, ਜਵਾਬਦੇਹ ਬਣਾਉਣ ਦੀ ਮੰਗ ਕੀਤੀ ਜਾਂਦੀ ਹੈ ।

# ਰਾਜਸਥਾਨ ਦੇ ਜੈਸਲਮੇਲ ਲੋਗੇ ਵਾਲ ਚੌਂਕੀ ਦੇ ਯੋਧੇ ਹੌਲਦਾਰ ਜਗਦੇਵ ਸਿੰਘ ਘੱਲਖੁਰਦ ਨੇ ਬਹਾਦਰੀ ਨਾਲ ਲੜਦੇ ਹੋਏ ਪਾਕਿਸਤਾਨੀਆਂ ਦੇ ਦੰਦ ਖੱਟੇ ਕੀਤੇ




ਫਿਰੋਜ਼ਪੁਰ 1 ਨਵੰਬਰ (ਮਨੋਹਰ ਲਾਲ): ਰਾਜਸਥਾਨ ਦੇ ਜੈਸਲਮੇਲ ਲੋਗੇ ਵਾਲ ਚੌਂਕੀ ਦੇ ਯੋਧੇ ਹੌਲਦਾਰ ਜਗਦੇਵ ਸਿੰਘ ਘੱਲਖੁਰਦ ਨੇ ਬਹਾਦਰੀ ਨਾਲ ਲੜਦੇ ਹੋਏ ਪਾਕਿਸਤਾਨੀਆਂ ਦੇ ਦੰਦ ਖੱਟੇ ਕੀਤੇ। ਸਾਨੂੰ ਮਾਣ ਮਹਿਸੂਸ ਹੋ ਰਿਹਾ ਹੈ, ਜਿਨ੍ਹਾਂ ਸੂਰਬੀਰਾਂ ਨੇ 1971 ਦੀ ਜੰਗ ਸਿਰਾਂ 'ਤੇ ਕੱਫਣ ਬੰਨ੍ਹ ਕੇ ਲੜੀ, ਜਿਸ ਵਿਚ ਹੌਲਦਾਰ ਜਗਦੇਵ ਸਿੰਘ ਘੱਲਖੁਰਦ ਜੋ ਕਿ ਇਕੱਲਾ ਹੀ ਸੂਰਬੀਰ ਯੋਧਾ ਹੈ, ਜਿਨ੍ਹਾਂ ਵਿਚ ਗੁਰਾ ਸਿੰਘ ਹਰਾਜ, ਗੁਰਤੇਜ ਸਿੰਘ ਮਹੀਆਂਵਾਲਾ, ਮੋਹਨ ਸਿੰਘ ਫੈਰੋਕੇ, ਬਲਵੰਤ ਸਿੰਘ ਔਲਖ ਅਤੇ ਕੁਝ ਸਿਹਤ ਠੀਕ ਨਾ ਹੋਣ ਕਰਕੇ ਵਾਹਿਗੁਰੂ ਨੂੰ ਪਿਆਰੇ ਹੋ ਗਏ। ਇਹ ਲੜਾਈ 1971 ਦੀ 4 ਦਸੰਬਰ ਹੈ, ਜਦੋਂ ਪਾਕਿਸਤਾਨੀ ਫੌਜ਼ ਦੇ ਬਰਗੇੜਾ ਅਤੇ 65 ਅਮਰੀਕੀ ਟੈਂਕਾਂ ਨਾਲ ਹਮਲਾ ਕੀਤਾ, ਭਾਵ ਬਰਗੇੜ ਭਾਵ 3500 ਪਾਕਿ ਫੌਜ਼ ਤੇ 45 ਟੈਂਕ ਨਾਲ ਲੋਗੇ ਵਾਲ ਪੋਸਟ ਤੇ ਹਮਲਾ ਕੀਤਾ। ਭਾਵੇਂ ਕਿ ਪਾਕਿਸਤਾਨ ਦਾ ਇਕੋ ਹੀ ਇਰਾਦਾ ਸੀ ਕਿ ਇਸ ਕੰਪਨੀ ਨੂੰ ਤਬਾਹ ਕਰਕੇ ਪਹਿਲਾ ਜੈਸਲਮੇਲ ਤੇ ਯੋਧਪੁਰ ਤੇ ਕਬਜ਼ਾ ਕਰਕੇ ਦਿੱਲੀ ਤੇ ਕਬਜ਼ਾ ਕਰਨ ਦੀ ਨੀਅਤ ਨਾਲ ਆਏ। ਪਰ 23 ਪੰਜਾਬ ਦੀ ਇਕ ਕੰਪਨੀ ਜਿਸ ਦੇ ਕੰਪਨੀ ਕਮਾਂਡਰ ਮੇਜਰ ਕੁਲਦੀਪ ਸਿੰਘ ਚਾਂਦ ਪੁਰੀ ਤੇ ਲੈਫਟੀਨੇਟ ਧਰਮਵੀਰ ਕਰ ਰਹੇ ਸਨ ਅਤੇ ਇਕ ਹੀ ਕੰਪਨੀ ਦੇ 120 ਜਵਾਨਾਂ ਨੇ ਦੁਸ਼ਮਣ ਦੇ ਟਿੱਡੀ ਦਲ ਨੂੰ ਲੋਹੇ ਦੇ ਚਣੇ ਚਬਾ ਕਾ ਭਜਾਇਆ, ਜਿਨ੍ਹਾਂ ਤਿੰਨ ਜਵਾਨ ਗਵਾ ਕੇ ਦੁਸ਼ਮਣ ਦੇ ਅਨੇਕਾਂ ਫੌਜੀ ਮਾਰ ਮੁਕਾਏ ਜੋ ਟੈਂਕ ਅਤੇ ਸਾਜੋ ਸਮਾਨ ਛੱਡ ਕੇ ਭੱਜ ਗਏ। ਜਿਸ ਤੋਂ ਬਾਰਡਰ ਫਿਲਮ ਵੀ ਬਣੀ ਹੈ, ਪਰ ਹੌਲਦਾਰ ਜਗਦੇਵ ਸਿੰਘ ਘੱਲਖੁਰਦ ਜਿੰਦਾ ਸਬੂਤ ਹੈ, ਜਿਸ ਨੇ ਖੁਦ ਲੜਾਈ ਲੜੀ। ਅੱਜ ਰੋਜ਼ਾਨਾ 50 ਹਜ਼ਾਰ ਦੇ ਕਰੀਬ ਲੋਕ ਲੋਗੇ ਵਾਲ ਪੋਸਟ ਵੇਖਣ ਲਈ ਜਾਂਦੇ ਹਨ ਅਤੇ ਹੌਲਦਾਰ ਜਗਦੇਵ ਸਿੰਘ ਘੱਲਖੁਰਦ ਨੂੰ ਉਥੇ ਬੁਲਾ ਕੇ ਉਨ੍ਹਾਂ ਦਾ ਲੋਗੇਵਾਲ ਪੋਸਟ ਤੇ ਮਾਨ ਸਨਮਾਨ ਵੀ ਕੀਤਾ, ਪਰ ਸਾਨੂੰ ਅਫਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਹਿੰਦੁਸਤਾਨ ਸਰਕਾਰ ਨੇ ਇਨ੍ਹਾਂ ਸਾਬਕਾ ਫੌਜੀਆਂ ਜਿਨ੍ਹਾਂ ਨੇ ਆਪਣੇ ਸਿਰ ਤੇ ਕਫਨ ਬੰਨ੍ਹ ਕੇ ਇਹ ਲੜਾਈ ਲੜੀ। ਉਨ੍ਹਾਂ ਨੂੰ ਕੋਈ ਬਹੁਤ ਵੱਡਾ ਇਨਾਮ ਦੇਣਾ ਚਾਹੀਦਾ ਸੀ, ਪਰ ਕੇਂਦਰ ਸਰਕਾਰ ਨੇ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ। ਅਸੀਂ ਕੇਂਦਰ ਸਰਕਾਰ ਨੂੰ ਬੇਨਤੀ ਕਰਦੇ ਹਾਂ ਕਿ ਇਹੋ ਜਿਹੇ ਬਹਾਦਰ ਯੋਧੇ ਹੌਲਦਾਰ ਜਗੇਦਵ ਸਿੰਘ ਘੱਲਖੁਰਦ ਨੂੰ ਦਿੱਲੀ ਬੁਲਾ ਕੇ ਬਹੁਤ ਵੱਡਾ ਸਨਮਾਨ ਦਿੱਤਾ ਜਾਵੇ, ਤਾਂ ਜੋ ਸੜਕਾਂ ਤੇ ਰੁਲ ਨਾ ਸਕਣ।

# ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਵੱਡੇ ਭਰਾ ਕੈਪਟਨ ਹਰਚਰਨ ਸਿੰਘ ਜੀ ਰੋਡੇ ਦੇ ਅਕਾਲ ਚਲਾਣੇ ਤੇ ਇੰਟਰਨੈਸ਼ਨਲ ਪੰਥਕ ਦਲ ਮਾਝਾ ਜੋਨ ਦੇ ਸਮੂਹ ਅਹੁਦੇਦਾਰਾਂ ਵੱਲੋਂ ਗਹਿਰਾ ਅਫਸੋਸ



**ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ ਦੀ ਵਿਸ਼ੇਸ਼ ਰਿਪੋਰਟ**

ਸਤਿਕਾਰਯੋਗ ਬਾਬਾ ਜੋਗਿੰਦਰ ਸਿੰਘ ਜੀ ਦੇ ਸਪੁੱਤਰ ਅਤੇ 20ਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਦਮਦਮੀ ਟਕਸਾਲ ਦੇ 14ਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਵੱਡੇ ਭਰਾ ਕੈਪਟਨ ਹਰਚਰਨ ਸਿੰਘ ਰੋਡੇ ਅੱਜ 1 ਨਵੰਬਰ ਨੂੰ ਸਵੇਰੇ ਲਗਭਗ 6.30 ਵਜੇ ਸਵਰਗਵਾਸ ਹੋ ਗਏ । ਇੰਟਰਨੈਸ਼ਨਲ ਪੰਥਕ ਦਲ ਮਾਝਾ ਜੋਨ ਦੇ ਸਮੂਹ ਅਹੁਦੇਦਾਰ ਸੰਤ ਬਾਬਾ ਜਤਿੰਦਰ ਸਿੰਘ ਜੀ ਗੋਬਿੰਦ ਬਾਗ ਵਾਲੇ ਕਾਰਜਕਾਰੀ ਪੰਜਾਬ ਪ੍ਰਧਾਨ, ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਚੀਫ ਐਡਵਾਈਜ਼ਰ ਪੰਜਾਬ, ਜਥੇਦਾਰ ਵਜ਼ੀਰ ਸਿੰਘ ਜੀ ਵਾਂ ਸੀਨੀਅਰ ਮੀਤ ਪ੍ਰਧਾਨ ਤਰਨ ਤਰਨ, ਭਾਈ ਸਤਨਾਮ ਸਿੰਘ ਜੀ ਸੈਦੋਲੇਹਲ ਜ਼ਿਲ੍ਹਾ ਪ੍ਰਧਾਨ ਸ੍ਰੀ ਅੰਮ੍ਰਿਤਸਰ ਕਿਸਾਨ ਵਿੰਗ, ਭਾਈ ਰਜਿੰਦਰ ਸਿੰਘ ਜੀ ਰਾਜਾ ਜਿਲਾ ਪ੍ਰਧਾਨ ਗੁਰਦਾਸਪੁਰ, ਭਾਈ ਗੁਰਭੇਜ ਸਿੰਘ ਜੀ ਭੈਣੀ ਮੱਸਾ ਸਿੰਘ ਜ਼ਿਲ੍ਹਾ ਪ੍ਰਧਾਨ ਤਰਨ ਤਾਰਨ, ਭਾਈ ਕਾਰਜ ਸਿੰਘ ਜੀ ਡਲੀਰੀ ਜਿਲਾ ਪ੍ਰਧਾਨ ਕਿਸਾਨ ਵਿੰਗ ਤਰਨ ਤਾਰਨ, ਭਾਈ ਬਲਬੀਰ ਸਿੰਘ ਜੀ ਲੱਧਾ ਮੁੰਡਾ ਜਿਲਾ ਪ੍ਰਧਾਨ ਗੁਰਦਾਸਪੁਰ, ਭਾਈ ਮਨਪ੍ਰੀਤ ਸਿੰਘ ਜੀ ਸੋਹੀ ਦਸ਼ਮੇਸ਼ ਨਗਰ ਇਕਾਈ ਪ੍ਰਧਾਨ, ਭਾਈ ਦਲਜੀਤ ਸਿੰਘ ਜੀ ਮੁੱਠਿਆਵਾਲਾ ਬਲਾਕ ਪ੍ਰਧਾਨ, ਬਾਬਾ ਦਇਆ ਸਿੰਘ ਜੀ ਸਪੁੱਤਰ ਸ਼ਹੀਦ ਭਾਈ ਸਰਵਣ ਸਿੰਘ ਜੀ ਅਤੇ ਸਮੂਹ ਪਤਵੰਤਿਆਂ ਵੱਲੋਂ ਬਾਬਾ ਪਰਿਵਾਰ ਨਾਲ ਅਤੇ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਭਤੀਜੇ ਸੰਤ ਭਿੰਡਰਾਂ ਵਾਲਿਆਂ ਨਾਲ ਗਹਿਰਾ ਅਫਸੋਸ ਕੀਤਾ ਗਿਆ। ਭਾਈ ਹਰਚਰਨ ਸਿੰਘ ਜੀ ਰੋਡੇ ਉਹ ਸਿੱਖ ਸਿਆਸਤ ਅਤੇ ਸਿੱਖ ਸੰਘਰਸ਼ ਵਿੱਚ ਪੂਰੀ ਤਰ੍ਹਾਂ ਸਰਗਰਮ ਰਹੇ ਅਤੇ ਅੰਮ੍ਰਿਤਧਾਰੀ ਨਿਤਨੇਮੀ ਤੇ ਉਦਮੀ ਸਨ ਤੇ ਹਮੇਸ਼ਾ ਹੀ ਚੜ੍ਹਦੀ ਕਲਾ ਨਾਲ ਪੰਥ ਵਿੱਚ ਵਿਚਰਦੇ ਰਹੇ ਉਹਨਾਂ ਦਾ ਅੰਤਮ ਸੰਸਕਾਰ ਕੱਲ 2 ਨਵੰਬਰ ਸਵੇਰੇ 11 ਵਜੇ ਉਹਨਾਂ ਦੇ ਜੱਦੀ ਪਿੰਡ ਰੋਡੇ ਜ਼ਿਲਾ ਮੋਗਾ ਵਿਖੇ ਕੀਤਾ ਜਾਵੇਗਾ।

## ਇੱਕ ਨਜ਼ਰ ...



# ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਜਾਏ ਜਾ ਰਹੇ ਨਗਰ ਕੀਰਤਨ ਸਬੰਧੀ ਵਿਚਾਰ ਵਟਾਂਦਰਾ

**ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ ਦੀ ਵਿਸ਼ੇਸ਼ ਰਿਪੋਰਟ**

ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਜਾਏ ਜਾ ਰਹੇ ਵਿਸ਼ਾਲ ਨਗਰ ਕੀਰਤਨ ਸਬੰਧੀ ਇੰਟਰਨੈਸ਼ਨਲ ਪੰਥਕ ਦਲ ਦੇ ਕਾਰਜਕਾਰੀ ਐਕਟਿੰਗ ਪੰਜਾਬ ਪ੍ਰਧਾਨ ਸੰਤ ਬਾਬਾ ਜਤਿੰਦਰ ਸਿੰਘ ਜੀ ਗੋਬਿੰਦ ਬਾਗ ਵਾਲਿਆਂ ਦੀ ਅਗਵਾਈ ਵਿੱਚ ਸ਼੍ਰੀ ਹਰਗੋਬਿੰਦਪੁਰ ਵਿਖੇ ਸਮੂਹ ਪਤਵੰਤਿਆਂ ਨਾਲ ਵਿਚਾਰ ਵਟਾਂਦਰਾ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਜਥੇਦਾਰ ਸਤਨਾਮ ਸਿੰਘ ਜੀ ਸਮਸਾ ਪੰਥ ਸੇਵਕ ਜੱਥਾ ਮਾਝਾ, ਭਾਈ ਬੂਆ ਸਿੰਘ, ਭਾਈ ਪਲਵਿੰਦਰ ਸਿੰਘ ਮਾੜੀ ਪੰਨਵਾ ਪੰਥ ਸੇਵਕ ਜੱਥਾ ਮਾਝਾ,ਭਾਈ ਹਰਦੀਪ ਸਿੰਘ ,ਭਾਈ ਸੁਖਚਰਨ ਸਿੰਘ ਆਦਿ ਹਾਜ਼ਰ ਹੋਏ ਅਤੇ ਸਾਰਿਆਂ ਵੱਲੋਂ ਵਿਸ਼ਵਾਸ ਦਵਾਇਆ ਕਿ ਉਹ ਤਨ ਮਨ ਅਤੇ ਧਨ ਨਾਲ ਮਹਾਨ ਨਗਰ ਕੀਰਤਨ ਵਿੱਚ ਸੇਵਾਵਾਂ ਨਿਭਾਉਣਗੇ ਅਤੇ ਬਾਬਾ ਜਤਿੰਦਰ ਸਿੰਘ ਜੀ ਨਾਲ ਹਰ ਪੱਖੋਂ ਸਹਾਇਤਾ ਕਰਨਗੇ। ਇਸ ਮੌਕੇ ਭਾਈ ਰਜਿੰਦਰ ਸਿੰਘ ਜੀ ਰਾਜਾ ਜਿਲਾ ਪ੍ਰਧਾਨ ਗੁਰਦਾਸਪੁਰ, ਭਾਈ ਜੁਗਰਾਜ ਸਿੰਘ ਤੂਫਾਨ,ਵਿੱਕੀ ਪੱਤੀ ਰਾਮਪੁਰ ਆਦਿ ਹਾਜਰ ਸਨ।

# ਕੈਪਟਨ ਹਰਚਰਨ ਸਿੰਘ ਦੇ ਅਕਾਲ ਚਲਾਣੇ ਨਾਲ ਸਿੱਖ ਸੰਘਰਸ਼ ਦਾ ਇੱਕ ਅਧਿਆਏ ਹੋਇਆ ਖ਼ਤਮ - ਭਾਈ ਅਤਲਾ

ਨਵੀਂ ਦਿੱਲੀ 1 ਨਵੰਬਰ (ਮਨਪ੍ਰੀਤ ਸਿੰਘ ਖਾਲਸਾ):- ਅਮਰ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਵਾਲਿਆ ਦੇ ਭਰਾਤਾ ਕੈਪਟਨ ਹਰਚਰਨ ਸਿੰਘ ਰੋਡੇ ਦੇ ਚਲੇ ਜਾਣ ਦਾ ਕੌਮ ਨੂੰ ਬਹੁਤ ਵੱਡਾ ਘਾਟਾ ਪਿਆ ਹੈ ।ਕਿਉਕਿ ਸਿੱਖ ਸੰਘਰਸ਼ ਦੀਆ ਬਹੁਤ ਸਾਰੀਆਂ ਘਟਨਾਵਾਂ ਦੇ ਉਹ ਜਿੰਦਾ ਪਾਤਰ ਸਨ ।ਇਹਨਾਂ ਸਬਦਾਂ ਦਾ ਪ੍ਰਗਟਾਵਾ ਸ਼ਹੀਦ ਬਾਬਾ ਦੀਪ ਸਿੰਘ ਸੇਵਾ ਦਲ



(ਪੰਜਾਬ) ਦੇ ਮੁੱਖ ਸੇਵਾਦਾਰ ਭਾਈ ਸੁਖਚੈਨ ਸਿੰਘ ਅਤਲਾ ਕੀਤਾ ਪ੍ਰੈਸ ਨੋਟ ਜਾਰੀ ਕਰਦੇ ਹੋਏ ਕਿਹਾ ਕਿ ਰੋਡੇ ਪਰਿਵਾਰ ਨੇ ਸਿੱਖ ਕੌਮ ਲਈ ਬਹੁਤ ਕੁਰਬਾਨੀਆਂ ਦਿੱਤੀਆਂ ਹਨ, ਇਹ ਪਰਿਵਾਰ ਅਜੋਕੇ ਆਜ਼ਾਦੀ ਦੇ ਸੰਘਰਸ਼ ਦਾ ਮੁੱਖ ਧੁਰਾ ਹੈ ।ਕੈਪਟਨ ਹਰਚਰਨ ਸਿੰਘ ਜੀ ਸਿੱਖ ਸੰਘਰਸ਼ ਦੀਆ ਬਹੁਤ ਇਤਿਹਾਸਕ ਘਟਨਾਵਾਂ ਦੇ ਪ੍ਰਤੱਖ ਦਰਸੀ ਅਤੇ ਅਹਿਮ ਪਾਤਰ ਸਨ ਕੈਪਟਨ ਸਾਬ ਨੇ ਜਿੰਦਗੀ ਦੇ ਆਖਰੀ ਸਮੇ ਤੱਕ ਜਿੰਦਗੀ ਸੰਘਰਸ਼ ਲੇਖੇ ਲਾਈ ਆਪ ਜੀ ਸਿੰਘਾਂ ਸ਼ਹੀਦਾ ਦੇ ਪਰਿਵਾਰ ਦੇ ਬਹੁਤ ਮਦਦਗਾਰ ਸਨ ।ਜਿਨ੍ਹਾਂ ਨੇ ਹਰ ਦੁੱਖ ਸੁੱਖ ਵਿੱਚ ਪਰਿਵਾਰਾਂ ਦਾ ਸਾਥ ਦਿੱਤਾ ਕੈਪਟਨ ਸਾਬ ਹਰ ਕੌਮੀ ਸੰਘਰਸ਼ ਵਿੱਚ ਅਹਿਮ ਰੋਲ ਨਿਭਾਉਂਦੇ ਸਨ ।ਆਪ ਜੀ ਬੰਦੀ ਸਿੰਘਾਂ ਦੇ ਸੰਘਰਸ਼ ਵਿੱਚ ਵੀ ਪੂਰੀ ਤਰਾਂ ਸਰਗਰਮ ਰਹੇ ਆਪ ਜੀ ਦਾ ਸਮੁੱਚੀਆਂ ਪੰਥਕ ਧਿਰਾਂ ਸਖਸੀਅਤਾ ਨਾਲ ਗੂੜੀ ਸਾਂਝ ਸੀ ਅਤੇ ਆਪ ਜੀ ਪ੍ਰਚਾਰ ਹਿੱਤ ਵਿਦੇਸਾ ਵਿੱਚ ਵੀ ਗਏ ਸਨ। ਅੰਤਲੇ ਸਮੇ ਵਿੱਚ ਆਪ ਜੀ ਸਰੀਰਿਕ ਤੌਰ ਤੇ ਬਿਮਾਰ ਹੋ ਗਏ ਸਨ। ਅੱਜ 1 ਨਵੰਬਰ ਨੂੰ ਸਰੀਰਕ ਤੌਰ ਤੇ ਸਦੀਵੀ ਵਿਛੋੜਾ ਦੇ ਗਏ ਆਪ ਜੀ ਦਾ ਅੰਤਿਮ ਸਸਕਾਰ 2 ਨਵੰਬਰ ਨੂੰ 11 ਵਜੇ ਪਿੰਡ ਰੋਡੇ ਜਿਲ੍ਹਾ ਮੋਗਾ ਵਿਖੇ ਕੀਤਾ ਜਾਵੇਗਾ ।ਇਸ ਮੌਕੇ ਭਾਈ ਅੰਮ੍ਰਿਤਪਾਲ ਸਿੰਘ ਸਿੱਧੂ ਲੋਗੋਂਵਾਲ, ਬਲਦੇਵ ਸਿੰਘ ਸਾਹਨੇਵਾਲੀ ਬਿਕਰਮਜੀਤ ਸਿੰਘ ਰਾਓ ਲੋਗੋਵਾਲ, ਰਿਟਾਇਰਡ ਲੈਕਚਰਾਰ ਬਲਵਿੰਦਰ ਸਿੰਘ ਤਕੀਪੁਰ, ਬਹਾਦਰ ਸਿੰਘ ਦੋਦੜਾ, ਖੁਸ਼ਪ੍ਰੀਤ ਸਿੰਘ ਫਰਵਾਹੀ, ਅਵਤਾਰ ਸਿੰਘ ਭੀਖੀ ਆਦਿ ਨੇ ਵੀ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

# ਹੁਣ ਹੜ੍ਹ ਪ੍ਰਭਾਵਿਤ ਖੇਤਰਾਂ ਦੀਆਂ ਧੀਆਂ ਦੇ ਵਿਆਹ ਕਰੇਗਾ ਸਰਬੱਤ ਦਾ ਭਲਾ ਟਰੱਸਟ

## ਨਵੀਂ ਜ਼ਿੰਦਗੀ ਦੀ ਸ਼ੁਰੂਆਤ ਲਈ ਵਿਆਹੁਤਾ ਜੋੜਿਆਂ ਨੂੰ ਦੇਵਾਂਗੇ ਜ਼ਰੂਰੀ ਘਰੇਲੂ ਸਮਾਨ : ਡਾ .ਉਬਰਾਏ

ਅੰਮ੍ਰਿਤਸਰ,1 ਨਵੰਬਰ ਆਵਾਜ਼ਿ ਕੌਮ ਬਿਊਰੋ) – ਹੜ੍ਹ ਪ੍ਰਭਾਵਿਤ ਖੇਤਰਾਂ ਦੇ ਲੋਕਾਂ ਲਈ ਨਿਰੰਤਰ ਸੇਵਾ ਕਾਰਜ ਨਿਭਾ ਰਹੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਅਤੇ ਦੁਬਈ ਦੇ ਉੱਘੇ ਕਾਰੋਬਾਰੀ ਡਾ.ਐਸ.ਪੀ.ਸਿੰਘ ਓਬਰਾਏ ਵੱਲੋਂ ਆਪਣੇ ਸੇਵਾ ਕਾਰਜਾਂ ਨੂੰ ਅੱਗੇ ਵਧਾਉਂਦਿਆਂ ਹੋਇਆ ਹੁਣ ਹੜ੍ਹ ਪ੍ਰਭਾਵਿਤ ਖੇਤਰਾਂ ਨਾਲ ਸੰਬੰਧਿਤ ਲੋੜਵੰਦ ਧੀਆਂ ਦੇ ਵਿਆਹ ਕਰਨ ਦਾ ਜਿੰਮਾ ਚੁੱਕਿਆ ਹੈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾ.ਐਸ.ਪੀ. ਓਬਰਾਏ ਨੇ ਦੱਸਿਆ ਕਿ ਟਰੱਸਟ ਵੱਲੋਂ ਫੈਸਲਾ ਕੀਤਾ ਗਿਆ ਹੈ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਨਾਲ ਸਬੰਧਿਤ ਜਿੰਨ੍ਹਾਂ ਮਾਪਿਆਂ ਨੇ ਆਪਣੀਆਂ ਧੀਆਂ ਦੇ ਵਿਆਹ ਤਹਿ ਕੀਤੇ ਸਨ ਪਰ ਹੜ੍ਹਾਂ ਕਾਰਨ ਅਜੇ ਤੱਕ ਹੋ ਨਹੀਂ ਸਕੇ,ਉਹ ਵਿਆਹ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਉਨ੍ਹਾਂ ਟਰੱਸਟ ਦੀਆਂ ਸਬੰਧਿਤ ਜ਼ਿਲ੍ਹਾ ਟੀਮਾਂ ਨੂੰ ਆਪਣੇ ਖੇਤਰ ਦੇ ਅਜਿਹੇ ਪਰਿਵਾਰਾਂ ਦੀ ਪਛਾਣ ਕਰ ਕੇ ਸੂਚੀਆਂ ਤਿਆਰ ਕਰਨ ਲਈ ਕਹਿ ਦਿੱਤਾ ਹੈ ਤਾਂ ਜੋ ਟਰੱਸਟ ਵੱਲੋਂ ਅਜਿਹੇ ਪ੍ਰਭਾਵਿਤ ਜੋੜਿਆਂ ਦੇ ਸਮੂਹਿਕ ਵਿਆਹ ਕਰਨ ਦਾ ਪ੍ਰਬੰਧ ਕੀਤਾ ਜਾ ਸਕੇ। ਉਨ੍ਹਾਂ ਇਹ ਵੀ ਦੱਸਿਆ ਕਿ ਟਰੱਸਟ ਵੱਲੋਂ ਉਕਤ ਸਾਰੇ ਨਵੇਂ ਵਿਆਹੇ ਜੋੜਿਆਂ ਨੂੰ ਆਪਣੀ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰਨ ਲਈ ਮੁੱਢਲਾ ਜ਼ਰੂਰੀ ਘਰੇਲੂ ਸਮਾਨ ਵੀ ਦਿੱਤਾ ਜਾਵੇਗਾ।



# ਬਿਨਾ ਵਜ੍ਹਾ ਨੁਕਤਾਚੀਨੀ ਕਰ ਰਹੇ ਹਨ ਪੇਤਲੀ ਸੋਚ ਵਾਲੇ

## ਵੱਡਿਆਂ ਦਾ ਸਤਿਕਾਰ ਕਰਨਾ ਬੁਰੀ ਗੱਲ ਨਹੀਂ, ਅਮਿਤਾਭ ਬੱਚਨ ਆਪਣੇ ਗੁਨਾਹ ਲਈ ਆਪ ਜਿੰਮੇਵਾਰ ਹੈ

ਪਿੱਛੇ ਜਿਹੇ ਪੰਜਾਬ ਵਿਚ ਆਏ ਹੜ੍ਹਾਂ ਕਾਰਨ ਮਚੀ ਤਬਾਹੀ, ਜਿਸ ਨੇ ਪੰਜਾਬ ਤੇ ਪੰਜਾਬੀਆਂ ਨੂੰ ਬੁਰੀ ਤਰਾਂ ਤਬਾਹ ਕਰਕੇ ਰੱਖ ਦਿੱਤਾ ਹੈ, ਨੂੰ ਪੈਰੀਂ ਖੜਾ ਕਰਨ ਵਾਸਤੇ ਬੇਸ਼ਕ ਸਮੁੱਚੇ ਪੰਜਾਬੀ ਭਾਈਚਾਰੇ ਨੇ ਮੋਢੇ ਨਾਲ ਮੋਢਾ ਤੇ ਸਿਰ ਨਾਲ ਸਿਰ ਜੋੜਕੇ ਉਸ ਮੁਸੀਬਤ ਨਾਲ ਟੱਕਰ ਲਈ ਹੈ, ਹਰ ਇਕ ਨੇ ਆਪੋ ਆਪਣੇ ਵਿਤ ਮੂਜਬ ਯੋਗਦਾਨ ਪਾਇਆ ਤੇ ਉਸ ਔਖੀ ਘੜੀ ਵੇਲੇ ਇਕ ਬਹੁਤ ਵੱਡੀ ਭਾਈਚਾਰਕ ਸਾਂਝ ਦਾ ਸਬੂਤ ਦਿੱਤਾ ।ਨੁਕਸਾਨ ਬਹੁਤ ਜਿਆਦਾ ਹੋਣ ਕਰਕੇ ਇਸ ਦੀ ਭਰਪਾਈ ਕਰਨ ਲਈ ਬਹੁਤ ਵੱਡੀ ਮਾਲੀ ਸਹਾਇਤਾ ਦੀ ਲੋੜ ਹੈ, ਜਿਸ ਵਾਸਤੇ ਉੱਦਮ ਉਪਰਾਲੇ ਅਜੇ ਵੀ ਜਾਰੀ ਹਨ ।ਉਹਨਾਂ ਉੱਦਮਾਂ ਵਿਚੋਂ ਦਲਜੀਤ ਦੁਸਾਂਝ ਵਲੋਂ ਵੀ ਯਤਨ ਕੀਤੇ ਜਾ ਰਹੇ ਹਨ ।ਦਲਜੀਤ ਦੁਸਾਂਝ ਨੇ ਪਹਿਲਾਂ ਆਪਣੇ ਵਲੋਂ ਹੜ੍ਹ ਮਹਾਂਮਾਰੀ ਲਈ ਕਰੋੜਾਂ ਰੁਪਏ ਦਾਨ ਕੀਤੇ, ਕਿਸਾਨ ਸ਼ੰਘਰਸ਼ ਵੇਲੇ ਹਿੱਕ ਤਾਣਕੇ ਖੜ੍ਹਿਆ ਤੇ ਹੁਣ ਉਸ ਨੇ ਸੋਨੀ ਟੈਲੀਵੀਜਨ ਚੈਨਲ 'ਤੇ ਚੱਲ ਰਹੇ ਲੜੀਵਾਰ ਪਰੋਗਰਾਮ "ਕੌਣ ਬਣੇਗਾ ਕਰੋੜਪਤੀ" ਵਿਚ ਹਾਜਰੀ ਲਗਾ ਕੇ ਜਿੱਤੀ ਹੋਈ ਧਨ ਰਾਸ਼ੀ ਨੂੰ ਪੰਜਾਬ ਦੇ ਹੜ੍ਹਪੀੜਤਾਂ ਵਾਸਤੇ ਦਾਨ ਕਰਨ ਦਾ ਇਕ ਹੋਰ ਹੰਭਲਾ ਮਾਰਨ ਦੀ ਕੋਸ਼ਿਸ਼ ਕੀਤੀ ਹੈ ।ਉਹਨਾਂ ਦਾ ਇਹ ਪਰੋਗਰਾਮ ਅੱਜ ਰਾਤ (31/10/2025 @ 9.00**pm**) ਸੋਨੀ ਟੈਲੀਵੀਜਨ ਉੱਤੇ ਦਿਖਾਇਆ ਜਾ ਰਿਹਾ ਹੈ ।ਪਰ ਪਰੋਗਰਾਮ ਦੇ ਨਸ਼ਰ ਹੋਣ ਤੋਂ ਪਹਿਲਾਂ ਹੀ ਦਲਜੀਤ ਵਲੋਂ ਇਸ ਪਰੋਗਰਾਮ ਵਿਚ ਹਾਜਰੀ ਦੌਰਾਨ ਅਮਿਤਾਭ ਬੱਚਨ ਦੇ ਪੈਰੀਂ ਹੱਥ ਲਾਉਣ ਨੂੰ ਲੈ ਕੇ ਸ਼ੋਸ਼ਲ ਮੀਡੀਏ ਉੱਤੇ ਵੱਡੀ ਨੁਕਤਾਚੀਨੀ ਕੀਤੀ ਜਾ ਰਹੀ ਹੈ ।ਉਸ ਨੂੰ ਕੁੱਝ ਕੱਟੜਵਾਦੀਆਂ ਵਲੋਂ ਧਮਕੀਆਂ ਵੀ ਦਿੱਤੀਆਂ ਜਾ ਰਹੀਆਂ ਹਨ, ਉਸ ਦੁਆਰਾ ਕੀਤੇ ਜਾਣ ਵਾਲੇ ਅਗਲੇਰੇ ਸ਼ੋਆਂ ਵਿਚ ਖਲਲ ਪੈਦਾ ਕਰਨ ਦੀਆਂ ਗੱਲਾਂ ਵੀ ਸਾਹਮਣੇ ਆ ਰਹੀਆਂ ਹਨ ।ਆਪਾਂ ਸਭਨਾਂ ਨੂੰ ਪਤਾਂ ਹੈ ਕਿ ਦਲਜੀਤ ਦੁਸਾਂਝ ਹੁਣ ਸਿਰਫ ਪੰਜਾਬੀਆਂ ਦਾ ਹੀ ਨਹੀਂ ਬਲਕਿ ਉਹ ਇਸ ਵਕਤ ਪੂਰੇ ਵਿਸ਼ਵ ਦਾ ਚਹੇਤਾ ਤੇ ਨਾਮਚੀਨ ਕਲਾਕਾਰ ਬਣ ਚੁੱਕਾ ਹੈ । ਉਸ ਦੀ ਗੁੱਡੀ ਸੱਤਵੇਂ ਅਸਮਾਨ 'ਤੇ ਚੜ੍ਹ ਚੁੱਕੀ ਹੈ, ਪਰ ਉਸ ਦੇ ਪੈਰ ਅੱਜ ਵੀ ਜਮੀਨ ਨਾਲ ਜੁੜੇ ਹੋਏ ਹਨ ।ਉਹ ਅੱਜ ਵੀ ਆਪਣੇ ਵਿਰਸੇ ਨਾਲ ਜੁੜਿਆ ਹੋਇਆ ਹੈ, ਵਿਰਸੇ ਦੀ ਗੱਲ ਕਰਦਾ ਹੈ ਤੇ ਪੰਜਾਬੀਆਂ ਦਾ ਮਾਣ ਉੱਚਾ ਕਰਨ ਵਾਸਤੇ "ਪੰਜਾਬੀ ਆ ਗਏ ਓਏ" ਦਾ ਹੋਕਾ ਦੇ ਰਿਹਾ ਹੈ ।ਇਸ ਵਿਚ ਕੋਈ ਸ਼ੱਕ ਨਹੀਂ ਕਿ ਉਸ ਨੇ ਆਪਣੀ ਕਲਾ ਦਾ ਸਿੱਕਾ ਆਪਣੇ ਬਲਬੂਤੇ ਮਨਵਾਇਆ ਹੈ ।ਪੰਜਾਬੀ ਬੋਲੀ ਤੇ ਸੱਭਿਆਚਾਰ ਨੂੰ ਬਿਨਾ ਸ਼ੱਕ ਪੰਜਾਬੀ ਦੇ ਹੋਰਨਾਂ ਕਲਾਕਾਰਾਂ ਨੇ ਵੀ ਬਹੁਤ ਪਰਮੋਟ ਕੀਤਾ ਹੈ, ਪਰ ਜਿੰਨਾ ਦਲਜੀਤ ਦੁਸਾਂਝ ਨੇ ਕੀਤਾ ਹੈ ਤੇ ਕਰ ਰਿਹਾ ਹੈ, ਉਹ ਸਿਰਫ ਉਸ ਦੇ ਹੀ ਹਿੱਸੇ ਆਇਆ ਹੈ ।ਇਥੇ ਹੀ ਬੱਸ ਨਹੀਂ ਦਲਜੀਤ ਦੁਸਾਂਝ ਨੇ ਸਾਗਾਗੜ੍ਹੀ, ਪੰਜਾਬ 1995 (ਅਜੇ ਰਿਲੀਜ ਹੋਣੀ ਬਾਕੀ ਹੈ ), ਸਰਦਾਰ ਜੀ -3 ਅਤੇ ਹੋਰ ਬਹੁਤ ਸਾਰੀਆਂ ਫਿਲਮਾਂ ਬਣਾ ਕੇ ਆਪਣੇ ਪੰਜਾਬੀ ਵਿਰਸੇ ਨੂੰ ਸਾਂਭਣ ਦੇ ਵੱਡਾ ਕਾਰਜ ਕੀਤਾ ਹੈ ।ਏਹੀ ਕਾਰਨ ਕਿ ਪੰਜਾਬੀਆਂ ਨੂੰ ਹਿੰਦੀ ਫਿਲਮਾਂ ਵਿਚ ਮਜ਼ਾਕ ਦੇ ਪਾਤਰ ਵਜੋਂ ਪੇਸ਼ ਕਰਨ ਦੇ ਮਾਮਲੇ ਨੂੰ ਅੱਜ ਵੱਡੀ ਠੱਲ੍ਹ ਪਈ ਹੈ, ਪੰਜਾਬੀ ਬੋਲੀ ਤੇ ਸੰਗੀਤ ਦਾ ਡੰਕਾ ਪੂਰੀ ਦੁਨੀਆਂ ਚ ਵੱਜਿਆ ਹੈ ।ਦੂਜੇ ਪਾਸੇ ਸੱਚ ਇਹ ਵੀ ਹੈ ਕਿ ਦਲਜੀਤ ਦੁਸਾਂਝ ਨੂੰ ਵਾਰ ਵਾਰ ਕਿਸੇ ਨ ਕਿਸੇ ਮਸਲੇ ਵਿਚ ਘਸੀਟਿਆ ਜਾਂ ਉਲਝਾਇਆ ਜਾ ਰਿਹਾ ਹੈ ।ਸ਼ਾਇਦ ਇਹ ਉਸ ਦੇ ਹੇਟਰਾਂ ਦੀ ਸਾਜ਼ਿਸ਼ ਹੋਵੇ ਜਾਂ ਕੁੱਝ ਹੋਰ, ਪਰ ਉਸ ਦੇ ਵਿਰੁੱਧ ਕੋਈ ਨ ਕੋਈ ਮਸਲਾ ਖੜ੍ਹਾ ਕਰ ਲਿਆ ਜਾਂਦਾ ਹੈ , ਸਰਦਾਰ ਜੀ - 3 ਵਿਚ ਪਾਕਿਸਤਾਨੀ ਕਲਾਕਾਰ ਕੰਮ ਕਰਦੀ ਹੋਣ ਕਰਕੇ ਰਿਲੀਜ ਹੋਣ ਤੋਂ ਰੋਕ ਦਿੱਤੀ ਗਈ, ਮਨੁੱਖੀ ਅਧਿਕਾਰਾਂ ਦੇ ਰਾਖੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜੇ 'ਤੇ ਬਣੀ ਪੰਜਾਬ 1995 ਅਜੇ ਤੱਕ ਡੱਬਾ ਬੰਦ ਹੈ, ਮਰਹੂਮ ਅਮਰ ਸਿੰਘ ਚਮਕੀਲੇ ਦੇ ਜੀਵਨ ਬਿਰਤਾਂਤ 'ਤੇ ਬਣੀ ਉਸ ਦੀ ਫਿਲਮ ਬਾਰੇ ਵੀ ਕਾਫੀ ਹੋ ਹੱਲਾ ਹੋਇਆ ਸੀ ।ਹੁਣ ਕੌਣ ਬਣੇਗਾ ਕਰੋੜਪਤੀ ਪਰੋਗਰਾਮ ਵਿਚ ਅਮਿਤਾਭ ਬੱਚਨ ਦੇ ਗੋਡੀ ਹੱਥ ਲਾਉਣ ਨੂੰ ਮੁੱਦਾ ਬਣਾ ਕੇ ਉਸ ਦੀ ਆਲੋਚਨਾ ਕੀਤੀ ਜਾ ਰਹੀ ਹੈ ਆਪਾਂ ਮੰਨਦੇ ਹਾਂ ਕਿ ਅਮਿਤਾਭ ਬੱਚਨ ਇਕ ਵੱਡਾ ਕਲਾਕਾਰ ਹੈ, ਉਹ ਵੀਹਵੀਂ ਸਦੀ ਦਾ ਨਾਇਕ ਹੈ ਤੇ ਬਾਲੀਵੁੱਡ ਵਿਚ ਅੱਜ ਵੀ ਉਸ ਦਾ ਡੰਕਾ ਵੱਜਦਾ ਹੈ ।ਹਰ ਕਲਾਕਾਰ ਦਾ ਨਿੱਜੀ ਤੇ ਸਮਾਜਿਕ ਜੀਵਨ ਦੋ ਅਲੱਗ ਪਹਿਲੂ ਹੁੰਦੇ ਹਨ ।ਕੋਈ ਵਿਅਕਤੀ ਆਪਣੇ ਨਿੱਜੀ ਜੀਵਨ ਵਿਚ ਏਨਾ ਚੰਗਾ ਨਹੀਂ ਹੁੰਦਾ ਜਿੰਨਾ ਚੰਗਾ ਉਹ ਆਪਣੀ ਕਲਾ ਦੇ ਨਾਲ ਲੋਕ ਜੀਵਨ ਵਿਚ ਪਰਵਾਨ ਚੜ੍ਹ ਜਾਂਦਾ ਹੈ ।ਇਹ ਠੀਕ ਹੈ ਕਿ ਸਿੱਖਾਂ ਵਲੋਂ ਅਮਿਤਾਭ ਬੱਚਨ ਨੂੰ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਦਿੱਲੀ ਵਿੱਚ ਫਿਰਕੂ ਕਤਲੇਆਮ ਨੂੰ ਉਕਸਾਉਣ ਦਾ ਦੋਸ਼ੀ ਮੰਨਿਆ ਜਾਂਦਾ ਹੈ, ਪਰ ਉਸ ਉੱਤੇ ਇਸ ਸਬੰਧੀ ਨਾ ਹੀ ਕੋਈ ਮੁਕੱਦਮਾ ਦਰਜ ਹੈ ਤੇ ਨਾ ਹੀ ਦੋਸ਼ ਕਦੇ ਸਾਬਤ ਹੋਏ ਹਨ ।ਖੁਦ ਅਮਿਤਾਭ ਬੱਚਨ ਵੀ ਇਹ ਕਹਿੰਦਾ ਹੈ ਕਿ ਉਸ ਉੱਤੇ ਲਗਾਏ ਗਏ ਦੋਸ਼ ਝੂਠੇ ਤੇ ਨਿਰਾਧਾਰ ਹਨ, ਉਹ ਅਜਿਹਾ ਕਰਨਾ ਕਦੇ ਸੁਪਨੇ ਵਿਚ ਵੀ ਸੋਚ ਨਹੀ ਸਕਦਾ ਕਿਉਂਕਿ ਉਹਨਾਂ ਦੇ ਮਾਤਾ ਜੀ ਪੰਜਾਬੀ ਹਨ ਜਿਹਨਾਂ ਦੀ ਪੰਜਾਬੀ ਸਿੱਖ ਧਰਮ ਵਿਚ ਬਹੁਤ ਡੂੰਘੀ ਆਸਥਾ ਹੈ ।ਉਹ ਇਹ ਵੀ ਕਹਿੰਦੇ ਹਨ ਕਿ ਉਹ ਆਪ ਵੀ ਸਿੱਖ ਧਰਮ ਦੇ ਫਲਸਫੇ ਦਾ ਬਹੁਤ ਸਤਿਕਾਰ ਕਰਦੇ ਹਨ । ਰਹੀ ਗੱਲ ਦਲਜੀਤ ਦੁਸਾਂਝ ਵਲੋਂ ਅਮਿਤਾਭ ਬੱਚਨ ਦੇ ਗੋਡੀ ਹੱਥ ਲਾਉਣ ਦੀ, ਵੱਡਿਆਂ ਦਾ ਸਤਿਕਾਰ ਕਰਨਾ ਪੰਜਾਬੀਆਂ ਦੀ ਪਰੰਪਰਾ ਹੈ ।ਸੋ ਗੋਡੀ ਹੱਥ ਲਗਾ ਕੇ ਉਸ ਨੇ ਆਪਣੇ ਪਰੰਪਰਾ ਨਾਲ ਜੁੜੇ ਰਹਿਣ ਦਾ ਪ੍ਰਗਟਾਵਾ ਕਰਕੇ ਕੋਈ ਅਲੋਕਾਰੀ ਗੱਲ ਨਹੀਂ ਕੀਤੀ ।ਅਮਿਤਾਭ ਬੱਚਨ ਆਪਣੇ ਨਿੱਜੀ ਜੀਵਨ ਵਿਚ ਚੰਗਾ ਹੈ ਜਾਂ ਮਾੜਾ, ਇਸ ਬਾਰੇ ਉਹ ਜਵਾਬ ਦੇਹ ਹੈ, ਹਾਂ ! ਇਕ ਨੌਜਵਾਨ ਕਲਾਕਾਰ ਇਕ ਵੱਡੇ ਕਲਾਕਾਰ ਨੂੰ ਇਕ ਬਹੁਤ ਵੱਡੇ ਭਲੇ ਕਾਰਜ ਦੇ ਉਦੇਸ਼ ਦੀ ਪੂਰਤੀ ਵਾਸਤੇ ਉਸ ਦੇ ਟੈਲੀਵੀਜਨ ਪਰੋਗਰਾਮ ਵਿਚ ਮਿਲਿਆ ਤੇ ਉਸ ਨੇ ਸਤਿਕਾਰ ਵਜੋਂ ਗੋਡੀਂ ਹੱਥ ਲਾਇਆ ਤਾਂ ਇਸ ਕਰਨ ਨਾਲ ਕੋਈ ਅਸਮਾਨ ਹੇਠਾਂ ਨਹੀਂ ਡਿਗ ਪਿਆ ।ਅਗਲੀ ਗੱਲ ਇਹ ਹੈ ਕਿ ਦਲਜੀਤ ਸਿੰਘ ਦੁਸਾਂਝ ਹੁਣ ਕੋਈ ਦੁੱਧ ਚੁੰਘਦਾ ਬੱਚਾ ਨਹੀਂ, ਉਸ ਨੇ ਹੁਣ ਤੱਕ ਬਹੁਤ ਦੁਨੀਆ ਦੇਖ ਲਈ ਹੈ, ਉਸ ਨੂੰ ਪਤਾ ਹੈ ਕਿ ਕਿਹਦੇ ਨਾਲ ਕਿਵੇਂ ਮਿਲਣਾ ਹੈ ।ਆਪਣੇ ਨਿੱਜੀ ਤੇ ਸਮਾਜਕ ਮਾਮਲਿਆਂ ਵਿਚ ਅੱਜ ਦੇ ਜਮਾਨੇ ਕੋਈ ਕਿਸੇ ਦੀਆਂ ਹਿਦਾਇਤਾਂ ਲੈ ਕੇ ਨਹੀਂ ਚੱਲਦਾ ਨਾ ਹੀ ਇਸ ਤਰਾਂ ਦੀ ਦਖਲ ਅੰਦਾਜੀ ਬਰਦਾਸ਼ਤ ਕਰਦਾ ਹੈ ।ਇਸ ਤਰਾਂ ਦੀਆਂ ਪਰਪਾਟੀਆਂ ਦਾ ਵੀਹਵੀਂ ਸਦੀ ਦੇ ਅੰਤ ਵਿਚ ਬਹੁਤ ਪਹਿਲਾਂ ਹੀ ਭੋਗ ਪੈ ਚੁੱਕਾ ਹੈ ।ਜੇਕਰ ਇਹ ਸਮਝਿਆ ਜਾ ਰਿਹਾ ਕਿ ਦਲਜੀਤ ਦੁਆਰਾ ਅਮਿਤਾਭ ਬੱਚਨ ਦੇ ਗੋਡੀਂ ਹੱਥ ਲਾਉਣ ਨਾਲ ਸਿੱਖਾਂ ਦੇ ਹਿਰਦਿਆਂ ਨੂੰ ਠੇਸ ਪਹੁੰਚੀ ਹੈ ਤਾਂ ਇਹ ਧਾਰਨਾ ਵੀ ਗਲਤ ਹੈ ਕਿਉਂਕਿ ਦਲਜੀਤ ਦੁਸਾਂਝ ਕੋਈ ਕਕਾਰਧਾਰੀ ਸਿੱਖ ਨਹੀਂ, ਉਹ ਸਿੱਖ ਖਾਨਦਾਨ ਵਿਚ ਪੈਦਾ ਜਰੂਰ ਹੋਇਆ ਹੈ, ਸਿੱਖ ਧਰਮ ਨੂੰ ਮੰਨਦਾ ਹੈ ਤੇ ਸਿਰੋਂ ਮੋਨਾ ਹੋਣ ਦੇ ਬਾਵਜੂਦ ਪੱਗੜੀ ਬੰਨ੍ਹਦਾ ਹੈ ਅਤੇ ਪੱਗੜੀ ਸਿੱਖਾਂ ਦਾ ਪਹਿਰਾਵਾ ਹੋਣ ਦੇ ਨਾਲ ਨਾਲ ਪੰਜਾਬੀਆਂ ਦਾ ਸੱਭਿਆਚਾਰਕ ਪਹਿਰਾਵਾ ਵੀ ਹੈ ।ਸੋ ਕਹਿਣ ਦਾ ਭਾਵ ਇਹ ਹੈ ਕਿ ਦਲਜੀਤ ਸਿੰਘ ਦੁਸਾਂਝ ਬੇਸ਼ੱਕ ਸਿੱਖ ਧਰਮ ਵਿਚ ਅਨਨ ਆਸਥਾ ਰੱਖਦਾ ਹੈ, ਪਰ ਅਸਲ ਰੂਪ ਵਿਚ ਉਹ ਪੰਜਾਬੀ ਭਾਈਚਾਰੇ ਦੀ ਪ੍ਰਤੀਨਿੱਧਤਾ ਕਰਦਾ ਹੈ ਤੇ ਏਹੀ ਕਾਰਨ ਹੈ ਕਿ ਉਹ ਆਪਣੀਆ ਸਟੇਜਾਂ ਉੱਤੇ ਆਮ ਹੀ ਕਹਿੰਦਾ ਹੈ ਕਿ "ਪੰਜਾਬੀ ਆ ਗਏ ਓਏ"। ਸੋ ਉਸ ਨੂੰ ਮੱਲੋਜੋਰੀ ਮੱਜ੍ਹਬੀ ਕੱਟੜਤਾ ਦੇ ਤੰਗ ਦਾਇਰੇ ਨਾਲ ਜੋੜਕੇ, ਉਸ ਦੀ ਨਿੰਦਿਆ ਜਾਂ ਨੁਕਤੇਚੀਨੀ ਕਰਨਾ ਕਿਸੇ ਵੀ ਤਰਾਂ ਜਾਇਜ ਨਹੀਂ ਬਲਕਿ ਮੇਰੀ ਜਾਚੇ, ਉਸ ਬਾਰੇ ਅਜਿਹਾ ਕਰਨਾ ਉਸ ਦੀ ਸਖਸ਼ੀਅਤ ਨੂੰ ਤੰਗ ਦਾਇਰੇ ਵਿਚ ਬੰਨ੍ਹਣ ਦੇ ਬਰਾਬਰ ਹੈ ਜੋ ਕਿ ਦਲਜੀਤ ਦੁਸਾਂਝ ਨਾਲ ਸਰਾਸਰ ਧੱਕਾ ਹੈ। ਸਾਨੂੰ ਪੰਜਾਬੀਆਂ ਨੂੰ ਮਾਣ ਹੋਣਾ ਚਾਹੀਦਾ ਕਿ ਦਲਜੀਤ ਦੁਸਾਂਝ ਇਸ ਵੇਲੇ ਸਾਡਾ ਵੱਡਾ ਸਿਤਾਰਾ ਹੈ ।ਉਹ ਜੋ ਵੀ ਕਰ ਰਿਹਾ ਹੈ, ਪੰਜਾਬੀਆਂ ਦੇ ਭਲੇ ਵਾਸਤੇ ਕਰ ਰਿਹਾ ਹੈ ।ਅੱਜ ਤੱਕ ਉਸ ਨੇ ਜੋ ਵੀ ਕੀਤਾ ਹੈ ਉਹ ਚੰਗਾ ਹੀ ਕੀਤਾ ਹੈ, ਪੰਜਾਬੀਆਂ ਉਤੇ ਭਾਰੀ ਪਈ ਹੈ ਤਾਂ ਉਹ ਸਭ ਤੋਂ ਅੱਗੇ ਹੋ ਕੇ ਖੜ੍ਹਿਆ ਹੈ ਤੇ ਅੱਜ ਵੀ ਖੜ੍ਹਾ ਹੈ ।ਐਵੇਂ ਖਾਹਮੁਖਾਹ ਬਿਨਾ ਸੋਚੇ ਸਮਝੇ ਅਕਾਰਨੇ ਹੀ ਸ਼ੋਸ਼ਲ ਮੀਡੀਏ ਉੱਤੇ ਬੈਠਕੇ ਉਸ ਦੀ ਆਲੋਚਨਾ ਕਰਨਾ ਬਿਲਕੁਲ ਵੀ ਤਰਕਸੰਗਤ ਨਹੀਂ, ਦਰਅਸਲ ਇਸ ਤਰਾਂ ਕਰਨ ਵਾਲੇ ਜਾਂ ਤਾਂ ਬਹੁਤ ਹੀ ਸੰਕੀਰਨ ਕੇ ਕੱਟੜਵਾਦੀ ਸੋਚ ਦੇ ਧਾਰਨੀ ਹਨ ਜਾਂ ਫਿਰ ਉਹ ਹਨ ਜੋ ਅਸਲ ਵਿਚ ਮਸਲੇ ਦੀ ਤਹਿ ਤੋਂ ਅਣਜਾਣ ਆਪਣੀ ਪੇਤਲੀ ਬੁੱਧ ਕਾਰਨ ਆਪਣਾ ਹੀ ਟਿੰਡ ਚ ਕਾਨਾ ਪਾ ਕੇ ਵਜਾਈ ਜਾ ਰਹੇ ਹਨ ।ਮੁਕਦੀ ਗੱਲ ਇਹ ਕਿ ਦਲਜੀਤ ਦੁਸਾਂਝ ਇਕ ਸਫਲ ਕਲਾਕਾਰ ਹੈ, ਉਹ ਆਪਣੇ ਵਿਰਸੇ ਨਾਲ ਜੁੜਕੇ ਜਿਥੇ ਵਿਰਸੇ ਨੂੰ ਪਰੋਮੋਟ ਕਰ ਰਿਹਾ ਹੈ, ਸਾਡਾ ਵਧੀਆ ਮਨੋਰੰਜਨ ਕਰ ਰਿਹਾ ਹੈ, ਉਥੇ ਮਨੁੱਖਤਾ ਦੇ ਭਲੇ ਹਿਤ ਕਾਰਜ ਵੀ ਕਰ ਰਿਹਾ ਹੈ ।ਜੋ ਲੋਕ ਉਸ ਦੀ ਨੁਕਤਾਚੀਨੀ ਕਰ ਰਹੇ ਹਨ, ਉਹਨਾਂ ਨੂੰ ਇਸ ਤਰਾਂ ਨਹੀਂ ਕਰਨਾ ਚਾਹੀਦਾ ਕਿਉਂਕਿ ਅਜਿਹਾ ਕਰਕੇ ਅਸਲੋਂ ਉਹ ਆਪਣੀ ਸਖਸ਼ੀਅਤ ਨੂੰ ਹੀ ਬੌਨਾ ਕਰ ਰਹੇ ਹਨ। ਇਹ ਸਿਰਫ ਬਾਤ ਦਾ ਬਤੰਗੜ ਬਣਾਉਣ ਵਾਲੀ ਗੱਲ ਹੈ ਜਾਂ ਇੰਜ ਕਹਿ ਲਓ ਕਿ ਅਜਿਹੇ ਲੋਕਾਂ ਨੂੰ ਅਜੇ ਕੋਈ ਹੋਰ ਮੁੱਦਾ ਨਹੀਂ ਲੱਭਾ ਤਾਂ ਉਹਨਾਂ ਕਿਹਾ ਚਲੋ ਦਲਜੀਤ ਦੁਸਾਂਝ ਵਲੋਂ ਅਮਿਤਾਭ ਬੱਚਨ ਦੇ ਗੋਡੀਂ ਹੱਥ ਲਾਉਣ ਨੂੰ ਹੀ ਚੁੱਕ ਲਓ, ਇਹ ਨਿਰਾ ਹੋਸ਼ਾਪਨ ਹੈ ।ਆਪਣੇ ਤੋਂ ਵੱਡਿਆਂ ਦਾ ਸਤਿਕਾਰ ਕਰਨ ਜਾਂ ਨਾ ਕਰਨ ਵਾਸਤੇ ਸਭ ਦੇ ਆਪੋ ਆਪਣੇ ਪੈਰਾਮੀਟਰ ਹੋ ਸਕਦੇ ਹਨ, ਪਰ ਉਹਨਾਂ ਨੂੰ ਦੂਜਿਆਂ ਉੱਤੇ ਨਹੀਂ ਥੋਪਿਆ ਜਾ ਸਕਦਾ ।ਦਲਜੀਤ ਸਿੰਘ ਦੁਸਾਂਝ ਸਾਡੇ ਭਾਈਚਾਰੇ ਦਾ ਵੱਡਾ ਕਲਾਕਾਰ ਹੈ, ਪਰ ਇਸ ਦਾ ਇਹ ਮਤਲਬ ਵੀ ਨਹੀਂ ਕਿ ਅਸੀਂ ਉਸ ਨੂੰ ਡੱਬੀ ਵਿਚ ਪਾ ਕੇ ਰੱਖੀਏ ਤੇ ਆਪਣੀ ਮਰਜੀ ਮੁਤਾਬਿਕ ਵਰਤੀਏ ।ਦਲਜੀਤ ਦੁਸਾਂਝ ਵਾਸਤੇ ਇਹ ਸ਼ਬਦ ਕਹਿਕੇ ਮੈਂ ਆਪਣੀ ਗੱਲ ਸਮਾਪਤ ਕਰਾਂਗਾ ਕਿ,

ਐ ਓਕਾਬ ! ਇਸ ਆਂਧੀ ਸੇ ਮੱਤ ਘਬਰਾਅ,
ਯਹ ਤੋ ਆ ਰਹੀ ਹੈ, ਤੁਮਹੇ ਔਰ ਊਚਾ ਉਡਾਨੇ ਕੇ ਲੀਏ ।

**ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ.)**

# ਹਿੰਦੂ ਸੁਰੱਖਿਆ ਪ੍ਰੀਸਦ ਦੀ ਹੋਈ ਮੀਟਿੰਗ



ਸੰਗਰੂਰ, 1 ਨਵੰਬਰ ( ਆਵਾਜ਼ਿ ਕੌਮ ਬਿਊਰੋ)- ਹਿੰਦੂ ਸੁਰੱਖਿਆ ਪਰਿਸ਼ਦ ਦੀ ਇੱਕ ਮਹੱਤਵਪੂਰਨ ਮੀਟਿੰਗ ਅਗਰਵਾਲ ਧਰਮਸ਼ਾਲਾ ਸੰਗਰੂਰ ਵਿਖੇ ਸੰਗਠਨ ਦੇ ਚੇਅਰਮੈਨ ਸ੍ਰੀ ਰਾਜ ਕੁਮਾਰ ਲੋਮਸ ਜੀ ਦੀ ਅਗਵਾਈ ਹੇਠ ਹੋਈ ਮੀਟਿੰਗ ਵਿੱਚ ਸਭ ਤੋਂ ਪਹਿਲਾਂ ਸੰਗਠਨ ਦੇ ਸਵਰਗੀ ਪ੍ਰਧਾਨ ਸ਼੍ਰੀ ਹਿਤੇਸ਼ ਭਾਰਦਵਾਜ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ ਉਹਨਾਂ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਰੱਖਿਆ ਗਿਆ। ਸੰਗਠਨ ਦੇ ਕੰਮ ਨੂੰ ਤੇਜ ਕਰਨ ਲਈ ਸ੍ਰੀ ਰਾਜਕੁਮਾਰ ਲੋਮਸ ਨੇ ਸ੍ਰੀ ਰਕੇਸ਼ ਕੁਮਾਰ ਬਾਂਸਲ ਚੀਮਾ ਮੰਡੀ, ਸ੍ਰੀ ਮੂਨ ਭਾਰਦਵਾਜ ਸੰਗਰੂਰ ਪ੍ਰਧਾਨ ਬਜਰੰਗ ਦਲ ਹਿੰਦ, ਸ੍ਰੀ ਗੁਰਿੰਦਰ ਜੋਸ਼ੀ ਦੁੱਗਾ ਅਤੇ ਸ੍ਰੀ ਕੁਨਾਲ ਅਗਰਵਾਲ ਜਲੰਧਰ ਨੂੰ ਡਾਇਰੈਕਟਰ ਨਿਯੁਕਤ ਕੀਤਾ ਉਨਾਂ ਦੱਸਿਆ ਕਿ ਉਪਰੋਕਤ ਡਾਇਰੈਕਟਰ ਸੰਗਠਨ ਸਮਾਜ ਅਤੇ ਰਾਸ਼ਟਰ ਦੀ ਬੇਹਤਰੀ ਲਈ ਕੰਮ ਕਰਨਗੇ ਜੇਕਰ ਕੋਈ ਵੀ ਸੰਗਠਨ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਗਤੀਵਿਧੀਆਂ ਵਿੱਚ ਸ਼ਾਮਿਲ ਹੁੰਦਾ ਹੈ ਤਾਂ ਚੇਅਰਮੈਨ ਨੂੰ ਅਧਿਕਾਰ ਹੋਵੇਗਾ ਕਿ ਉਸ ਨੂੰ ਤੁਰੰਤ ਸੰਗਠਨ ਵਿੱਚੋਂ ਬਾਹਰ ਕੱਢ ਦੇਵੇ। ਇਸ ਬਾਰੇ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ ।ਚੁਣੇ ਗਏ ਡਾਇਰੈਕਟਰ ਸ੍ਰੀ ਰਕੇਸ਼ ਬਾਂਸਲ ਚੀਮਾ ਨੂੰ ਸੰਗਠਨ ਦਾ ਖਜਾਨਚੀ ਨਿਯੁਕਤ ਕੀਤਾ ਜੋ ਬੈਂਕ ਦਾ ਲੈਣ ਦੇਣ ਹੁਣ ਸ੍ਰੀ ਰਾਜਕੁਮਾਰ ਲੋਮਸ ਚੇਅਰਮੈਨ ਅਤੇ ਸ੍ਰੀ ਰਕੇਸ਼ ਬਾਂਸਲ ਦੁਆਰਾ ਕੀਤਾ ਜਾਵੇਗਾ। ਹਿੰਦੂ ਸੁਰੱਖਿਆ ਪਰਿਸ਼ਦ ਦੇ ਡਾਇਰੈਕਟਰਾਂ ਦੀ ਸਹਿਮਤੀ ਨਾਲ ਸੰਗਠਨ ਦੇ ਲੋਗੋ ਵਿੱਚ ਕੁਝ ਬਦਲਾਅ ਕੀਤੇ ਗਏ ਹਨ ਜਿਨਾਂ ਵਿੱਚ ਸ਼ੇਰ ਦਾ ਪ੍ਰਤੀਕ ਹਟਾ ਦਿੱਤਾ ਗਿਆ ਹੈ ਹੈ ਅਤੇ ਸ਼ਕਤੀ ਦੇ ਪ੍ਰਤੀਕ ਦੋ ਤਲਵਾਰਾਂ ਨੂੰ ਤ੍ਰਿਸੂਲ ਦੇ ਹੇਠਾਂ ਅਤੇ ਸੁਦਰਸ਼ਨ ਚੱਕਰ ਨੂੰ ਕੇਂਦਰ ਵਿੱਚ ਅਤੇ *ਧਰਮ ਰਕਸ਼ਿਤ ਰਕਸ਼ਿਤ* ਨੂੰ ਉੱਪਰ ਰੱਖਿਆ ਗਿਆ ਹੈ ਅਤੇ ਹਮੇਸ਼ਾ ਰਾਸ਼ਟਰ ਦੀ ਸੇਵਾ ਲਈ ਸਮਰਪਿਤ ਨੂੰ ਹੇਠਲੀ ਪੱਟੀ ਵਿੱਚ ਰੱਖਿਆ ਗਿਆ ਹੈ ਇਸ ਤੋ ਇਲਾਵਾ ਮੀਟਿੰਗ ਵਿੱਚ ਹਿੰਦੂ ਸੁਰਖਿਆ ਪ੍ਰੀਸਦ ਜਿਲਾ ਸੰਗਰੂਰ ਦੀ ਇਕਾਈ ਦਾ ਗਠਨ ਕੀਤਾ ਗਿਆ। ਜਿਸ ਅਨੁਸਾਰ ਸ੍ਰੀ ਪ੍ਰੀਤਅਮਨ ਸਰਮਾਂ ਨੂੰ ਜਿਲਾ ਪ੍ਰਧਾਨ , ਰਾਮ ਸੰਕਰ ਰਾਜੂ ਅਤੇ ਦਲੀਪ ਮਿਸ਼ਰਾ ਨੂੰ ਜਿਲਾ ਸੀਨੀਅਰ ਵਾਇਸ ਪ੍ਰਧਾਨ, ਵਿਨੋਦ ਕੁਮਾਰ ਸਰਮਾਂ ਆਦਿ ਹਾਜਰ ਸਨ।